## ਅਧਿਆਇ 24

# ਇਸਹਾਕ ਦੀ ਪਤਨੀ

ਜਦੋਂ ਅਬਰਾਹਾਮ ਆਪਣੇ ਲੰਬੇ ਅਤੇ ਘਟਨਾ ਨਾਲ ਭਰੇ ਜੀਵਨ ਦੇ ਅੰਤ ਦੇ ਨੇੜੇ ਪਹੁੰਚ ਗਿਆ, ਉਸ ਨੇ ਆਪਣੇ ਪਰਿਵਾਰ, ਵਿਸ਼ੇਸ਼ ਕਰਕੇ ਆਪਣੇ ਪੁੱਤਰ ਇਸਹਾਕ ਦੀ ਨਿਰੰਤਰ ਸੁੱਖ-ਸਲਾਮਤੀ ਦਾ ਬੰਦੋਬਸਤ ਕੀਤਾ। ਇਹ ਇਸਹਾਕ ਸੀ ਜਿਸ ਦੇ ਰਾਹੀਂ ਯਹੋਵਾਹ ਦਾ ਵੱਡਾ ਵਾਇਦਾ ਪੂਰਾ ਹੋਣਾ ਸੀ ਅਤੇ ਅਬਰਾਹਾਮ ਇਹ ਨਿਸ਼ਚਤ ਕਰਨਾ ਚਾਹੁੰਦਾ ਸੀ ਕਿ ਉਸ ਦੀ ਅਣਗਿਣਤ ਅੰਸ ਜਿਸ ਦੇ ਬਾਰੇ ਪਰਮੇਸ਼ੁਰ ਨੇ ਗੱਲ ਕੀਤੀ ਸੀ ਦੇਣ ਦੇ ਲਈ ਇਸਹਾਕ ਦੇ ਕੋਲ ਸਹੀ ਪਤਨੀ ਹੋਵੇ (22:17)। ਅਬਰਾਹਾਮ ਭਰੋਸਾ ਚਾਹੁੰਦਾ ਸੀ ਕਿ ਉਸ ਦੇ ਦੋਹਤਰਿਆਂ-ਪੋਤਰਿਆਂ ਦੀ ਵਿਰਾਸਤ ਦਾ ਪਰਮੇਸ਼ੁਰ ਰਹਿਤ ਕਨਾਨੀਆਂ ਨਾਲ ਕੋਈ ਸੰਬੰਧ ਨਾ ਹੋਵੇ।

### ਅਬਰਾਹਾਮ ਵੱਲੋਂ ਆਪਣੇ ਸੇਵਕ ਨੂੰ ਹੁਕਮ (24:1-9)

**1ਹੁਣ ਅਬਰਾਹਾਮ ਬਹੁਤ ਬਿਰਧ ਅਰ ਵੱਡੀ ਉਮਰ ਦਾ ਹੋ ਗਿਆ ਸੀ ਅਰ ਯਹੋਵਾਹ ਨੇ**
**ਸਾਰੀਆਂ ਗੱਲਾਂ ਵਿੱਚ ਅਬਰਾਹਾਮ ਨੂੰ ਬਰਕਤ ਦਿੱਤੀ। 2ਤਾਂ ਅਬਰਾਹਾਮ ਨੇ ਆਪਣੇ ਘਰ ਦੇ**
**ਪੁਰਾਣੇ ਨੌਕਰ ਨੂੰ ਜਿਹੜਾ ਉਸ ਦੀਆਂ ਸਾਰੀਆਂ ਚੀਜ਼ਾਂ ਦਾ ਮੁਖ਼ਤਿਆਰ ਸੀ ਆਖਿਆ ਕਿ**
**ਆਪਣਾ ਹੱਥ ਮੇਰੇ ਪੱਟ ਦੇ ਹੇਠ ਰੱਖ, 3ਤਾਂ ਜੋ ਮੈਂ ਤੈਨੂੰ ਯਹੋਵਾਹ ਅਕਾਸ਼ ਦੇ ਪਰਮੇਸ਼ੁਰ ਅਤੇ**
**ਧਰਤੀ ਦੇ ਪਰਮੇਸ਼ੁਰ ਦੀ ਸੌਂਹ ਦੇਵਾਂ ਕਿ ਤੂੰ ਮੇਰੇ ਪੁੱਤ੍ਰ ਲਈ ਕਨਾਨੀਆਂ ਦੀਆਂ ਧੀਆਂ ਵਿੱਚੋਂ ਜਿਨ੍ਹਾਂ**
**ਵਿੱਚ ਮੈਂ ਵੱਸਦਾ ਹਾਂ ਤੀਵੀਂ ਨਾ ਬਿਆਹੀਂ। 4ਪਰ ਤੂੰ ਮੇਰੇ ਆਪਣੇ ਦੇਸ ਅਰ ਮੇਰੇ ਕੁਨਬੇ ਦੇ ਕੋਲ**
**ਜਾਈਂ ਅਰ ਮੇਰੇ ਪੁੱਤ੍ਰ ਇਸਹਾਕ ਲਈ ਤੀਵੀਂ ਲੈ ਆਵੀਂ। 5ਤਾਂ ਉਸ ਨੌਕਰ ਨੇ ਉਹ ਨੂੰ ਆਖਿਆ,**
**ਸ਼ਾਇਤ ਉਹ ਤੀਵੀਂ ਮੇਰੇ ਨਾਲ ਏਸ ਦੇਸ ਆਉਣਾ ਨਾ ਚਾਹੇ ਤਾਂ ਕੀ ਮੈਂ ਤੇਰੇ ਪੁੱਤ੍ਰ ਨੂੰ ਉਸ ਦੇਸ ਨੂੰ**
**ਮੋੜ ਲੈ ਜਾਵਾਂ ਜਿੱਥੋਂ ਤੂੰ ਆਇਆਂ ਹੈਂ? 6ਅਬਰਾਹਾਮ ਨੇ ਉਸ ਨੂੰ ਆਖਿਆ, ਖ਼ਬਰਦਾਰ ਤੂੰ ਮੇਰੇ**
**ਪੁੱਤ੍ਰ ਨੂੰ ਉੱਥੇ ਕਦੰਤ ਨਾ ਮੋੜ ਲੈ ਜਾਵੀਂ। 7ਯਹੋਵਾਹ ਅਕਾਸ਼ ਦਾ ਪਰਮੇਸ਼ੁਰ ਜੋ ਮੈਨੂੰ ਮੇਰੇ ਪਿਤਾ**
**ਦੇ ਘਰ ਤੋਂ ਅਰ ਮੇਰੀ ਜਨਮ ਭੂਮੀ ਤੋਂ ਕੱਢ ਲੈ ਆਇਆ ਅਤੇ ਜੋ ਮੇਰੇ ਨਾਲ ਬੋਲਿਆ ਅਰ ਮੇਰੇ**
**ਨਾਲ ਸੌਂਹ ਖਾਕੇ ਆਖਿਆ ਕਿ ਮੈਂ ਤੇਰੀ ਅੰਸ ਨੂੰ ਇਹ ਧਰਤੀ ਦਿਆਂਗਾ ਉਹ ਹੀ ਆਪਣਾ ਦੂਤ**
**ਤੇਰੇ ਅੱਗੇ ਘੱਲੇਗਾ ਅਰ ਤੂੰ ਉੱਥੋਂ ਮੇਰੇ ਪੁੱਤ੍ਰ ਲਈ ਤੀਵੀਂ ਲੈ ਆਵੇਂਗਾ 8ਅਤੇ ਜੇ ਉਹ ਤੀਵੀਂ ਤੇਰੇ**
**ਪਿੱਛੇ ਨਾ ਆਉਣਾ ਚਾਹੇ ਤਾਂ ਤੂੰ ਮੇਰੀ ਏਸ ਸੌਂਹ ਤੋਂ ਛੁੱਟ ਜਾਵੇਂਗਾ। ਕੇਵਲ ਮੇਰੇ ਪੁੱਤ੍ਰ ਨੂੰ ਉੱਥੇ ਕਦੀ**
**ਨਾ ਮੋੜ ਲੈ ਜਾਵੀਂ। 9ਤਾਂ ਉਸ ਨੌਕਰ ਨੇ ਆਪਣਾ ਹੱਥ ਆਪਣੇ ਸਵਾਮੀ ਅਬਰਾਹਾਮ ਦੇ ਪੱਟ ਹੇਠ**
**ਰੱਖਕੇ ਉਹ ਦੇ ਨਾਲ ਇਸ ਗੱਲ ਦੀ ਸੌਂਹ ਖਾਧੀ।**

**ਆਇਤ 1.** ਬਾਈਬਲ ਦੇ ਲੇਖਕ ਨੇ ਲਿਖਿਆ ਕਿ **ਅਬਰਾਹਾਮ ਬਹੁਤ ਬਿਰਧ** ਅਤੇ **ਵੱਡੀ ਉਮਰ ਦਾ ਹੋ ਗਿਆ ਸੀ**। ਇਸ ਕਿਸਮ ਦਾ ਕਥਨ ਵਿਸ਼ੇਸ਼ ਤੌਰ ਤੇ ਉਸ ਵਿਅਕਤੀ ਦੇ ਲਈ

ਵਰਤਿਆ ਜਾਂਦਾ ਸੀ ਜੋ ਮੌਤ ਦੇ ਨੇੜੇ ਪਹੁੰਚ ਜਾਂਦਾ ਸੀ (ਯਹੋਸ਼ੁਆ 13:1; 23:1; 1 ਰਾਜਿਆਂ 1:1)। ਫਿਰ ਵੀ, ਬਜ਼ੁਰਗ ਪੁਰਖੇ ਦੀ ਵਾਰਤਾ ਵਿਚ ਸਪੱਸ਼ਟ ਤੌਰ ਤੇ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਸੀ। ਇਸ ਅਧਿਆਇ ਦੇ ਅੰਤ ਵਿਚ, ਅਬਰਾਹਾਮ ਦੇ ਪੁੱਤਰ ਇਸਹਾਕ ਨੇ ਰਿਬਕਾਹ ਨਾਲ ਵਿਆਹ ਕਰਵਾਇਆ (24:67) ਅਤੇ ਅਧਿਆਇ 25 ਸਾਨੂੰ ਦੱਸਦਾ ਹੈ ਕਿ ਜਦੋਂ ਇਸਹਾਕ ਦਾ ਵਿਆਹ ਹੋਇਆ ਤਾਂ ਉਹ ਚਾਲੀਆਂ ਵਰਿਹਾਂ ਦਾ ਸੀ (25:20)। ਕਿਉਂਕਿ ਅਬਰਾਹਾਮ ਸੌ ਵਰਿਹਾਂ ਦਾ ਸੀ ਜਦੋਂ ਇਸਹਾਕ ਦਾ ਜਨਮ ਹੋਇਆ (21:5), ਉਸ ਦੀ ਉਮਰ 140 ਵਰਿਹਾਂ ਤੋਂ ਵੱਧ ਨਹੀਂ ਸੀ ਜੋ ਸਕਦੀ ਜਦੋਂ ਇਸਹਾਕ ਅਤੇ ਰਿਬਕਾਹ ਪਤੀ ਪਤਨੀ ਬਣੇ। ਇਸ ਤੋਂ ਇਲਾਵਾ, ਲੇਖਕ ਨੇ ਆਪਣੀ ਵਾਰਤਾ ਵਿਚ ਇਹ ਲਿਖਿਆ ਹੈ ਕਿ ਅਬਰਾਹਾਮ ਇਨ੍ਹਾਂ ਘਟਨਾਵਾਂ ਤੋਂ ਬਾਅਦ ਪੈਂਤੀ ਵਰਹੇ ਹੋਰ ਜੀਇਆ ਅਤੇ ਮਰਨ ਤੋਂ ਪਹਿਲਾਂ ਉਸ ਦੇ ਜੀਵਣ ਦੇ ਦਿਹਾੜੇ 175 ਵਰਹੇ ਸਨ (25:7)।

ਅੱਗੇ ਦਾ ਵਿਰਤਾਂਤ ਇਹ ਦੱਸਦਾ ਹੈ ਕਿ **ਯਹੋਵਾਹ ਨੇ ਸਾਰੀਆਂ ਗੱਲਾਂ ਵਿੱਚ ਅਬਰਾਹਾਮ ਨੂੰ ਬਰਕਤ ਦਿੱਤੀ**। ਪਰਮੇਸ਼ੁਰ ਨੇ ਖੁਦ ਨਾਲ ਅਬਰਾਹਾਮ ਨੂੰ ਨੇਮ ਦੇ ਰਿਸ਼ਤੇ ਵਿਚ ਲਿਆ ਕੇ ਉਸ ਨੂੰ ਆਤਮਿਕ ਤੌਰ ਤੇ ਬਰਕਤ ਦਿੱਤੀ ਸੀ ਅਤੇ ਉਸ ਨੂੰ ਜੀਵਨ ਦੇ ਲਈ ਇਕ ਅਰਥ, ਉਦੇਸ਼ ਅਤੇ ਆਸ ਦਿੱਤੀ ਸੀ। ਪਰਮੇਸ਼ੁਰ ਨੇ ਅਬਰਾਹਾਮ ਨੂੰ ਭਰਪੂਰ ਸਰੀਰਕ ਬਰਕਤਾਂ ਨਾਲ ਮਾਲਾਮਾਲ ਕੀਤਾ ਸੀ: ਜਿਵੇਂ ਕਿ ਵੈਰੀ ਦੇਸ ਵਿਚ ਸੁਰੱਖਿਆ, ਵੱਡਾ ਧਨ ਮਾਲ (ਸੋਨਾ ਅਤੇ ਚਾਂਦੀ, ਇੱਜੜ ਅਤੇ ਮਾਲ ਡੰਗਰ ਅਤੇ ਸੈਂਕੜੇ ਨੌਕਰ), ਇਕ ਵਫ਼ਾਦਾਰ ਪਤਨੀ ਅਤੇ ਵਾਅਦੇ ਦੀ ਸੰਤਾਨ ਇਸਹਾਕ। ਬੇਸ਼ੱਕ, ਇਨ੍ਹਾਂ ਵਿੱਚੋਂ ਕੁਝ ਬਰਕਤਾਂ ਭਵਿੱਖ ਦੇ ਲਈ ਸਨ; ਜਿਵੇਂ ਕਿ ਅਕਾਸ਼ ਦੇ ਤਾਰਿਆਂ ਜਿੰਨੀ ਉਸ ਦੀ ਅੰਸ (15:5, 6) ਹਾਲੇ ਕੁਝ ਪੀੜ੍ਹੀਆਂ ਦੂਰ ਸੀ ਅਤੇ ਕਨਾਨ ਦੇ ਦੇਸ ਨੂੰ ਆਪਣੀ ਮਿਲਖ ਦੇ ਰੂਪ ਵਿਚ ਕਬਜ਼ੇ ਵਿਚ ਲੈਣਾ (15:12-21) ਹਾਲੇ ਬਾਕੀ ਸੀ। ਫਿਰ ਵੀ, ਇਨ੍ਹਾਂ ਨਿਸ਼ਾਨਿਆਂ ਨੂੰ ਮੱਦੇ ਨਜ਼ਰ ਰੱਖਦੇ ਹੋਏ, ਪੁਰਖਾ ਸਮਝ ਗਿਆ ਕਿ ਇਸ ਬਿਰਧ ਅਵਸਥਾ ਵਿਚ ਹੁਣ ਉਸ ਦੇ ਲਈ ਸਮਾਂ ਆ ਗਿਆ ਸੀ ਕਿ ਉਹ ਇਸਹਾਕ ਨੂੰ ਵਿਆਹੁਣ ਦਾ ਪ੍ਰਬੰਧ ਕਰੇ। ਉਹ ਅੱਗੇ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਪਰਮੇਸ਼ੁਰ ਦੇ ਵਾਅਦਿਆਂ ਨੂੰ ਜਿੰਦਾ ਰੱਖੇਗਾ।

**ਆਇਤ 2.** ਇਸ ਲਈ, **ਅਬਰਾਹਾਮ ਨੇ ਆਪਣੇ ਘਰ ਦੇ ਪੁਰਾਣੇ** ਅਤੇ ਸਭ ਤੋਂ ਭਰੋਸੇਮੰਦ **ਨੌਕਰ**[1] **ਨੂੰ ਜਿਹੜਾ ਉਸ ਦੀਆਂ ਸਾਰੀਆਂ ਚੀਜਾਂ ਦਾ ਮੁਖ਼ਤਿਆਰ ਸੀ** ਆਪਣੇ ਕੋਲ ਸੱਦਿਆ। ਇਹ ਨੌਕਰ ਦਮਿਸ਼ਕੀ ਅਲੀਅਜ਼ਰ ਸੀ (15:2-4) ਜਾਂ ਕੋਈ ਹੋਰ ਵਿਅਕਤੀ ਸੀ, ਅਸੀਂ ਨਿਸ਼ਚਤ ਤੌਰ ਤੇ ਨਹੀਂ ਕਹਿ ਸਕਦੇ; ਲਿਖਤ ਵਿੱਚ ਉਸ ਦਾ ਨਾਮ ਨਹੀਂ ਦਿੱਤਾ ਗਿਆ ਹੈ। 15 ਅਧਿਆਇ ਵਿਚ ਜੋ ਘਟਨਾਵਾਂ ਵਾਪਰੀਆਂ ਸਨ ਉਨ੍ਹਾਂ ਨੂੰ ਵਾਪਰੇ ਲਗਭਗ ਪਚਵਿੰਜਾ ਵਰਹੇ ਬੀਤ ਚੁੱਕੇ ਸਨ, ਇਸ ਲਈ ਅਲੀਅਜ਼ਰ ਸ਼ਾਇਦ ਇਸ ਸਮੇਂ ਘੱਟੋ-ਘੱਟ ਪਛੱਤਰਾਂ ਵਰਿਹਾਂ ਦਾ ਹੋਵੇਗਾ। ਫਿਰ ਵੀ, ਜ਼ਰੂਰੀ ਨਹੀਂ ਹੈ ਕਿ ਉਸ ਦੇ ਲਈ ਹਾਰਾਨ ਨੂੰ ਜਾਣਾ ਅਸੰਭਵ ਸੀ, ਕਿਉਂਕਿ ਪਿਤਾਪੁਰਖਾਂ ਦੇ ਯੁੱਗ ਵਿਚ ਲੋਕ ਲੰਬੀ ਉਮਰ ਜੀਉਂਦੇ ਸਨ। ਅਬਰਾਹਾਮ ਨੇ ਵੀ ਪਛੱਤਰਾਂ ਵਰਿਹਾਂ ਦੀ ਉਮਰ ਵਿਚ ਕਿਸੇ ਹੋਰ ਦਿਸ਼ਾ ਵੱਲ ਨੂੰ ਇੰਨੀ ਦੂਰੀ ਦਾ ਹੀ ਸਫ਼ਰ ਕੀਤਾ ਸੀ (12:4)। ਗੱਲ ਭਾਵੇਂ ਕੋਈ ਵੀ ਹੋਵੇ, ਉਸ ਨੇ ਆਪਣੇ ਸਭ ਤੋਂ ਵਫ਼ਾਦਾਰ ਨੌਕਰ ਨੂੰ ਜਿਹੜਾ ਉਸ ਦੀਆਂ ਸਾਰੀਆਂ ਚੀਜਾਂ ਦਾ ਮੁਖ਼ਤਿਆਰ ਸੀ, ਇਕ ਮਹੱਤਵਪੂਰਣ ਮਿਸ਼ਨ ਤੇ ਜਾਣ ਦੇ ਲਈ ਬੁਲਾਇਆ।

ਆਪਣੇ ਨੌਕਰ ਨੂੰ ਇਸ ਕੰਮ ਦੀ ਗੰਭੀਰਤਾ ਬਾਰੇ ਸਮਝਾਉਣ ਦੇ ਲਈ, ਅਬਰਾਹਾਮ ਨੇ

ਉਸ ਨੂੰ ਇਹ ਹਦਾਇਤ ਦਿੱਤੀ: **ਆਪਣਾ ਹੱਥ ਮੇਰੇ ਪੱਟ ਦੇ ਹੇਠ ਰੱਖ**। "ਪੱਟ" (יָרֵךְ, *ਯਾਰੇਕ*) ਦੇ ਲਈ ਜਿਹੜਾ ਇਬਰਾਨੀ ਸ਼ਬਦ ਵਰਤਿਆ ਗਿਆ ਹੈ ਉਸ ਦਾ ਅਨੁਵਾਦ "ਸ਼ੇਰਾਂ" ਵੀ ਕੀਤਾ ਜਾ ਸਕਦਾ ਹੈ। ਇਸ ਨੌਕਰ ਨੂੰ ਅਬਰਾਹਾਮ ਦੇ ਸਰੀਰ ਨੂੰ ਛੋਹਣ ਦੀ ਲੋੜ ਸੀ ਕਿਉਂਕਿ ਉਸ ਵਿੱਚੋਂ ("ਉਹ ਦੇ ਸ਼ੇਰਾਂ ਵਿੱਚੋਂ"; ਵੇਖੋ 46:26 [KJV]; ਕੂਚ 1:5) ਹੀ ਵਾਇਦਾ ਕੀਤੀ ਹੋਈ ਅੰਸ ਨਿੱਕਲੇਗੀ।[2] ਪੁਰਖੇ ਨੇ ਆਪਣੇ ਨੌਕਰ ਕੋਲੋਂ ਅਜਿਹਾ ਪ੍ਰਤੀਕਾਤਮਕ ਕੰਮ ਕਰਵਾਉਣ ਦੀ ਇਸ ਕਰਕੇ ਮੰਗ ਕੀਤੀ ਸੀ ਕਿਉਂਕਿ ਭਵਿੱਖ ਦੀਆਂ ਪੀੜ੍ਹੀਆਂ ਦੇ ਲਈ ਪਰਮੇਸ਼ੁਰ ਦਾ ਬਚਨ ਇਸਹਾਕ ਲਈ ਇਕ ਸਹੀ ਪਤਨੀ ਤੇ ਨਿਰਭਰ ਕਰਦਾ ਸੀ। ਸਿਰਫ ਇਸ ਤਰ੍ਹਾਂ ਜਣਨ ਨਾਲ ਹੀ ਉਨ੍ਹਾਂ ਦੀ ਅੰਸ ਪਰਮੇਸ਼ੁਰ ਦੀ ਵਾਇਦਾ ਦੇ ਅਨੁਸਾਰ ਇਕ ਵੱਡੀ ਕੌਮ ਅਤੇ ਧਰਤੀ ਦੇ ਸਾਰੇ ਘਰਾਣਿਆਂ ਦੇ ਲਈ ਬਰਕਤ ਦਾ ਕਾਰਣ ਬਣਨ ਦੇ ਲਈ ਅਬਰਾਹਾਮ ਦੀ ਅੰਸ ਨੂੰ ਅੱਗੇ ਲੈ ਕੇ ਜਾਵੇਗੀ। ਬਾਅਦ ਵਿਚ, ਯਾਕੂਬ ਨੇ ਇਸੇ ਕਿਸਮ ਦੀ ਪਵਿੱਤਰ ਰੀਤ ਯੂਸੁਫ਼ ਤੇ ਥੋਪੀ ਸੀ, ਇਹ ਬੇਨਤੀ ਕਰਦੇ ਹੋਏ ਕਿ ਉਸ ਦਾ ਪੁੱਤਰ ਉਸ ਨੂੰ ਮਕਫੇਲਾਹ ਦੀ ਗੁਫਾ ਵਿਚ ਦਫਨਾਵੇ, ਉਨ੍ਹਾਂ ਵਿਚ ਜਿਨ੍ਹਾਂ ਤੋਂ ਉਸ ਨੂੰ ਜੀਵਣ ਪ੍ਰਾਪਤ ਹੋਇਆ ਸੀ (47:29-31)। ਯਾਕੂਬ ਨਿਸ਼ਚਤ ਤੌਰ ਤੇ ਜਾਣਦਾ ਸੀ ਕਿ ਕਨਾਨ – ਨਾ ਕਿ ਮਿਸਰ – ਵਾਅਦੇ ਦੀ ਧਰਤੀ ਸੀ ਜਿਸ ਵੱਲ ਨੂੰ ਇਕ ਦਿਨ ਉਸ ਦੀ ਅੰਸ ਵਾਪਸ ਮੁੜੇਗੀ।

**ਆਇਤਾਂ 3, 4.** ਇਸ ਗੰਭੀਰ ਕਾਰਜ ਦੇ ਨਾਲ, ਪੁਰਖੇ ਨੇ **ਯਹੋਵਾਹ ਅਕਾਸ਼ ਦੇ ਪਰਮੇਸ਼ੁਰ ਅਤੇ ਧਰਤੀ ਦੇ ਪਰਮੇਸ਼ੁਰ ਦੀ ਸੌਂਹ** ਖਵਾਈ। ਇਹ ਸੌਂਹ ਨੂੰ ਸ਼ੁਰੂ ਕਰਨ ਦਾ ਇਕ ਉਚਿਤ ਤਰੀਕਾ ਸੀ ਕਿਉਂਕਿ ਇਹ ਸਰਪ੍ਰਸਤ ਨੂੰ ਇਹ ਚੇਤੇ ਕਰਾਉਂਦਾ ਸੀ ਕਿ ਉਸ ਦੇ ਸਵਾਮੀ ਦਾ ਪਰਮੇਸ਼ੁਰ ਸਿਰਫ ਇਕ ਸਥਾਨਕ ਦੇਵਤਾ ਨਹੀਂ ਸੀ। ਜਦੋਂ ਉਹ ਦੂਰ ਦੇਸ ਨੂੰ ਇਕ ਖ਼ਤਰਨਾਕ ਸਫਰ ਤੇ ਜਾਣ ਵਾਲਾ ਸੀ, ਉਹ ਭਰੋਸਾ ਕਰ ਸਕਦਾ ਸੀ ਕਿ ਯਹੋਵਾਹ – ਸਰਿਸ਼ਟੀਕਰਤਾ ਪ੍ਰਭੂ ਅਤੇ ਅਕਾਸ਼ ਅਰ ਧਰਤੀ ਅਤੇ ਜੋ ਕੁਝ ਉਸ ਦੇ ਵਿਚ ਹੈ ਉਸ ਨੂੰ ਸੰਭਾਲਣ ਵਾਲਾ – ਉਸ ਦੀ ਰੱਖਿਆ ਕਰੇਗਾ। ਇਸ ਤੋਂ ਇਲਾਵਾ, ਯਹੋਵਾਹ ਦੇ ਨਾਮ ਵਿਚ ਸੌਂਹ ਚੁੱਕਣਾ ਮਿਸ਼ਨ ਦੀ ਗੰਭੀਰਤਾ ਅਤੇ ਸੌਂਹ ਦੇ ਸਥਾਈ ਸੁਭਾਅ ਤੇ ਜ਼ੋਰ ਦਿੰਦਾ ਸੀ (ਵੇਖੋ 14:22-24)।

ਨੌਕਰ ਦੇ ਅੱਗੇ ਅਬਰਾਹਾਮ ਦੀ ਮੰਗ ਇਹ ਸੀ ਕਿ **ਮੇਰੇ ਪੁੱਤ੍ਰ** [ਇਸਹਾਕ] **ਲਈ ਕਨਾਨੀਆਂ ਦੀਆਂ ਧੀਆਂ ਵਿੱਚੋਂ ਜਿਨ੍ਹਾਂ ਵਿੱਚ ਮੈਂ ਵੱਸਦਾ ਹਾਂ ਤੀਵੀਂ ਨਾ ਬਿਆਹੀਂ**। ਇਹ ਲੋਕ ਉਨ੍ਹਾਂ ਦੀ ਵੱਡੀ ਮੂਰਤੀਪੂਜਾ ਅਤੇ ਹਰਾਮਕਾਰੀ ਦੇ ਲਈ ਜਾਣੇ ਜਾਂਦੇ ਸਨ ਅਤੇ ਉਹ ਇਕ ਸਰਾਪ ਦੇ ਹੇਠ ਸਨ (9:24-27; 15:16)। ਬਜਾਇ ਇਸ ਦੇ, ਨੌਕਰ ਨੇ ਅਬਰਾਹਾਮ ਦੇ ਪੁੱਤਰ **ਇਸਹਾਕ ਲਈ ਤੀਵੀਂ ਲੈਣ** ਲਈ ਅਬਰਾਹਾਮ ਦੇ **ਦੇਸ** (ਹਾਰਾਨ; 12:1, 4) ਅਤੇ ਉਸ ਦੇ **ਕੁਨਬੇ** (11:27-32; 22:20-24) ਕੋਲ ਜਾਣਾ ਸੀ। ਇਸਹਾਕ ਲਈ ਇਕ ਚੰਗੀ ਪਤਨੀ ਲਿਆ ਕੇ, ਅਬਰਾਹਾਮ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕਰ ਰਿਹਾ ਸੀ ਕਿ ਪੁਰਖਾ "ਆਪਣੇ ਪੁੱਤ੍ਰਾਂ ਨੂੰ ਅਰ ਆਪਣੇ ਘਰਾਣੇ ਨੂੰ ਆਪਣੇ ਪਿੱਛੇ ਆਗਿਆ ਦੇਵੇ ਅਤੇ ਉਹ ਧਰਮ ਅਰ ਨਿਆਉਂ ਕਰਦੇ ਹੋਏ ਯਹੋਵਾਹ ਦੇ ਰਾਹ ਦੀ ਪਾਲਨਾ ਕਰਨ" (18:19)।

**ਆਇਤ 5.** ਉਸ ਦੇ ਮਿਸ਼ਨ ਦੀ ਗੰਭੀਰਤਾ ਦੇ ਕਾਰਣ, **ਨੌਕਰ ਨੇ** ਸਪੱਸ਼ਟੀਕਰਨ ਮੰਗਿਆ। ਜੇਕਰ ਕੋਈ ਸਮੱਸਿਆ ਉਸ ਨੂੰ ਉਸ ਦੇ ਸਵਾਮੀ ਦੇ ਹੁਕਮ ਨੂੰ ਪੂਰਾ ਕਰਨ ਤੋਂ ਰੋਕਦੀ ਹੈ, ਕੀ ਕੋਈ ਵਿਕਲਪਕ ਕਾਰਵਾਈ ਹੋ ਸਕਦੀ ਹੈ? ਇਹ ਨਿਸ਼ਚਤ ਕਰਨ ਦੇ ਲਈ ਕਿ ਉਹ ਆਪਣੇ ਕੰਮ ਨੂੰ ਪੂਰੀ ਤਰ੍ਹਾਂ ਸਮਝ ਗਿਆ ਹੈ, ਨੌਕਰ ਨੇ ਪੁੱਛਿਆ, **ਸ਼ਾਇਤ ਉਹ ਤੀਵੀਂ ਮੇਰੇ ਨਾਲ ਏਸ**

**ਦੇਸ ਆਉਣਾ ਨਾ ਚਾਹੇ ਤਾਂ ਕੀ ਮੈਂ ਤੇਰੇ ਪੁੱਤ੍ਰ ਨੂੰ ਉਸ ਦੇਸ ਨੂੰ ਮੋੜ ਲੈ ਜਾਵਾਂ ਜਿੱਥੋਂ ਤੂੰ ਆਇਆਂ ਹੈਂ?** ਨੌਕਰ ਉਸ ਸਮੱਸਿਆ ਨੂੰ ਸਮਝ ਗਿਆ ਜੋ ਸੰਭਵ ਤੌਰ ਤੇ ਖੜੀ ਹੋਣ ਵਾਲੀ ਸੀ।

**ਆਇਤ 6.** ਉਸ ਵਫ਼ਾਦਾਰ ਨੌਕਰ ਨੂੰ ਪੁਰਖੇ ਦਾ ਜਵਾਬ ਇਕ ਠੋਸ ਇਤਰਾਜ ਸੀ: **ਖ਼ਬਰਦਾਰ ਤੂੰ ਮੇਰੇ ਪੁੱਤ੍ਰ ਨੂੰ ਉੱਥੇ ਕਦੰਤ ਨਾ ਮੋੜ ਲੈ ਜਾਵੀਂ**। ਉਹ ਸਮਝ ਗਿਆ ਸੀ ਕਿ ਜੁਆਨ ਤੀਵੀਂ ਅਤੇ ਉਸ ਦਾ ਪਿਤਾ ਨੌਕਰ ਦੀ ਬੇਨਤੀ ਨੂੰ ਠੁਕਰਾ ਸਕਦੇ ਹਨ। ਉਹ ਉਸ ਤੀਵੀਂ ਨੂੰ ਉਸ ਦੇ ਪ੍ਰਤੀ ਸਹਿਮਤੀ ਜਤਾਉਣ ਦੇ ਲਈ ਕਹੇਗਾ ਜੋ ਖੁਦ **ਅਬਰਾਹਾਮ** ਨੂੰ ਕਰਨਾ ਬਹੁਤ ਮੁਸ਼ਕਲ ਲੱਗਾ ਸੀ: ਆਪਣੇ ਘਰ ਅਤੇ ਪਰਿਵਾਰ ਨੂੰ ਛੱਡ ਕੇ ਇਕ ਪਰਦੇਸੀ ਅਤੇ ਦੂਰ ਦੇਸ ਨੂੰ ਜਾਣਾ (12:1)। ਦਰਅਸਲ, ਜੇਕਰ ਉਹ ਇਸ ਅਜਨਬੀ ਨਾਲ ਜਾਣ ਦਾ ਫ਼ੈਸਲਾ ਲਵੇਗੀ, ਸ਼ਾਇਦ ਉਹ ਆਪਣੇ ਪਰਿਵਾਰ ਨੂੰ ਫੇਰ ਕਦੇ ਨਹੀਂ ਮਿਲੇਗੀ। ਇਸਹਾਕ ਆਪਣੀ ਪਤਨੀ ਨਾਲ ਚਿੰਬੜੇ ਰਹਿਣ ਦੇ ਲਈ ਵਾਇਦਾ ਕੀਤੇ ਹੋਏ ਦੇਸ ਵਿਚ ਆਪਣੇ ਘਰ ਨੂੰ ਨਹੀਂ ਸੀ ਛੱਡ ਸਕਦਾ; ਬਲਕਿ, ਨੌਕਰ ਨੂੰ ਰਿਬਕਾਹ ਨੂੰ ਇਹ ਪੁੱਛਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ ਕਿ ਉਹ ਆਪਣੇ ਪਤੀ ਨਾਲ ਜ਼ਿੰਦਗੀ ਬਿਤਾਉਣ ਦੇ ਲਈ ਜਿਸ ਨੂੰ ਉਹ ਪਹਿਲਾਂ ਕਦੇ ਨਹੀਂ ਸੀ ਮਿਲੀ ਆਪਣੇ ਪਿਤਾ, ਮਾਤਾ, ਰਿਸ਼ੇਤਦਾਰਾਂ, ਮਿੱਤਰਾਂ ਅਤੇ ਉਹ ਸਾਰੇ ਜੋ ਉਸ ਦੀ ਜਾਣ-ਪਛਾਣ ਵਾਲੇ ਸਨ ਛੱਡੇਗੀ ਜਾਂ ਨਹੀਂ।

**ਆਇਤ 7.** ਅਬਰਾਹਾਮ ਜਾਣਦਾ ਸੀ ਕਿ ਨੌਕਰ ਨੂੰ ਭਿਆਣਕ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਣਾ ਸੀ। ਪੁਰਖੇ ਨੇ ਉਸ ਦੇ ਆਪਣੇ ਅਨੁਭਵ ਨੂੰ ਦੁਹਰਾਇਆ, ਇਹ ਜ਼ੋਰ ਦਿੰਦੇ ਹੋਏ ਕਿ ਇਹ **ਯਹੋਵਾਹ ਅਕਾਸ਼ ਦਾ ਪਰਮੇਸ਼ੁਰ ਜੋ ਮੈਨੂੰ ਮੇਰੇ ਪਿਤਾ ਦੇ ਘਰ ਤੋਂ ਅਰ ਮੇਰੀ ਜਨਮ ਭੂਮੀ ਤੋਂ ਕੱਢ ਲੈ ਆਇਆ**। "[ਉਸ ਦੀ] ਜਨਮ ਭੂਮੀ" ਕਸਦੀਆਂ ਦੇ ਊਰ ਵੱਲ ਅਬਰਾਹਾਮ ਦੇ ਜਨਮ ਅਸਥਾਨ ਵਜੋਂ (11:31; ਰਸੂਲਾਂ ਦੇ ਕਰਤੱਬ 7:2, 3),[3] ਜਾਂ ਇਹ ਮਸੋਪੋਤਾਮੀਆ ਦੇ ਸਧਾਰਣ ਸੰਦਰਭ ਵੱਲ ਇਸ਼ਾਰਾ ਕਰ ਸਕਦੀ ਹੈ। ਤਾਰਹ ਦੇ ਪਰਿਵਾਰ ਦੇ ਊਰ ਤੋਂ ਜਾਣ ਤੋਂ ਕਾਫੀ ਸਾਲਾਂ ਬਾਅਦ, ਅਬਰਾਹਾਮ ਕਨਾਨ ਨੂੰ ਜਾਣ ਦੇ ਲਈ ਹਾਰਾਨ ਵਿਚ ਆਪਣੇ "ਪਿਤਾ ਦੇ ਘਰ" ਨੂੰ ਛੱਡ ਗਿਆ (12:1, 4)। ਉਹ ਕਨਾਨ ਦੇ **ਦੇਸ** ਵਿਚ ਸੀ ਕਿਉਂਕਿ ਪਰਮੇਸ਼ੁਰ ਨੇ ਇਹ ਉਸ ਦੀ **ਅੰਸ** ਨੂੰ ਸਦੀਪਕ ਮਿਲਖ ਦੇ ਰੂਪ ਵਿਚ **ਦੇਣ** ਦਾ ਵਾਇਦਾ ਕੀਤਾ ਸੀ (13:14, 15; 15:18-21)। ਆਪਣੇ ਭੂਤਕਾਲ ਨੂੰ ਦੁਹਰਾ ਕੇ, ਪੁਰਖੇ ਨੇ ਆਪਣੇ ਨੌਕਰ ਨੂੰ ਭਰੋਸਾ ਦਿੱਤਾ ਸੀ ਕਿ ਉਹ ਇਕ ਅਜਿਹੇ ਕੰਮ ਵਿਚ ਸ਼ਾਮਲ ਸੀ ਜੋ ਸਿਰਫ ਇਕ ਮਨੁੱਖੀ ਕੋਸ਼ਿਸ਼ ਨਹੀਂ ਸੀ। ਇਹ ਇਕ ਰੱਬੀ ਮਿਸ਼ਨ ਸੀ ਜੋ ਕਿ ਬਹੁਤ ਸਾਲ ਪਹਿਲਾਂ ਪਰਮੇਸ਼ੁਰ ਦੀ ਬੁਲਾਹਟ ਦੇ ਨਾਲ ਸ਼ੁਰੂ ਹੋਇਆ ਸੀ। ਜਿਵੇਂ ਯਹੋਵਾਹ ਨੇ ਅਬਰਾਹਾਮ ਦੀ ਅਗਵਾਈ ਕੀਤੀ ਸੀ, ਉਸੇ ਤਰ੍ਹਾਂ ਉਹ ਨੌਕਰ ਦੇ ਅੱਗੇ ਵੀ **ਆਪਣਾ ਦੂਤ ਘੱਲੇਗਾ**।

ਅਬਰਾਹਾਮ ਨੂੰ ਭਰੋਸਾ ਸੀ ਕਿ ਪਰਮੇਸ਼ੁਰ ਇਸ ਨੌਕਰ ਨੂੰ ਸਹੀ ਥਾਂ ਤੇ ਅਤੇ ਸਹੀ ਔਰਤ ਕੋਲ ਲੈ ਕੇ ਜਾਵੇਗਾ ਜਿਹੜੀ ਇਸਹਾਕ ਦੇ ਲਈ ਸਹੀ **ਤੀਵੀਂ** ਹੋਵੇਗੀ। ਕਿਉਂਕਿ ਯਹੋਵਾਹ ਨੇ ਬੀਤੇ ਸਮੇਂ ਵਿਚ ਅਬਰਾਹਾਮ ਅਤੇ ਉਸ ਦੇ ਪਰਿਵਾਰ ਦੀ ਅਗਵਾਈ ਕਰਨ ਅਤੇ ਨਿਰਦੇਸ਼ ਦੇਣ ਲਈ ਦੂਤ ਘੱਲੇ ਸਨ (16:7-13; 18:1-22; 21:17, 18; 22:11-18), ਉਸ ਨੂੰ ਯਕੀਨ ਸੀ ਕਿ ਹਾਰਾਨ ਨੂੰ ਜਾਣ ਦੇ ਲਈ ਦੂਤ ਇਸ ਨੌਕਰ ਦੇ ਮਿਸ਼ਨ ਦੀ ਨਿਗਰਾਨੀ ਕਰੇਗਾ।

**ਆਇਤ 8.** ਨੌਕਰ ਨੇ **ਤੀਵੀਂ** ਨੂੰ ਸੱਦੇ ਨੂੰ ਕਬੂਲ ਕਰਵਾਉਣ ਦੇ ਲਈ ਉਸ ਨਾਲ ਜਬਰਦਸਤੀ ਨਹੀਂ ਸੀ ਕਰਨੀ। ਨਾ ਹੀ ਉਸ ਨੂੰ ਇਹ ਉਮੀਦ ਕਰਨੀ ਚਾਹੀਦੀ ਸੀ ਕਿ ਪਰਮੇਸ਼ੁਰ ਉਸ ਦੀ ਅਜ਼ਾਦ ਇੱਛਾ ਨੂੰ ਖਾਰਿਜ ਕਰ ਦੇਵੇਗਾ ਜਾਂ ਆਪਣਾ ਪ੍ਰਸਤਾਵ ਸਵੀਕਾਰ

ਕਰਵਾਉਣ ਦੇ ਲਈ ਉਸ ਨੂੰ ਮਜਬੂਰ ਕਰੇਗਾ। ਜੇਕਰ ਉਹ **ਪਿੱਛੇ ਆਉਣ** ਦੇ ਲਈ ਤਿਆਰ **ਨਾ** ਹੁੰਦੀ, ਤਾਂ ਨੌਕਰ ਨੇ **ਸੌਂਹ** ਤੋਂ ਛੁੱਟ ਜਾਣਾ ਸੀ। ਇਹ ਸਭ ਕੁਝ ਦੱਸਣ ਤੋਂ ਬਾਅਦ, ਪੁਰਖੇ ਨੇ ਹਦਾਇਤ ਦੇਣਾ ਖਤਮ ਕੀਤਾ। ਉੱਥੇ ਸਿਰਫ ਇੱਕੋ ਹੀ ਸ਼ਰਤ ਸੀ: ਜੇਕਰ ਤੀਵੀਂ ਨੌਕਰ ਨਾਲ ਆਉਣ ਤੋਂ ਇਨਕਾਰ ਕਰਦੀ, ਤਾਂ ਉਸ ਨੇ ਇਸਹਾਕ ਨੂੰ ਹਾਰਾਨ ਨੂੰ ਲੈ ਕੇ ਜਾਣ ਦੁਆਰਾ ਸਥਿਤੀ ਨੂੰ ਸੰਭਾਲਣ ਦੀ ਕੋਸ਼ਿਸ਼ ਨਹੀਂ ਸੀ ਕਰਨੀ। ਅਬਰਾਹਾਮ ਦਾ ਜ਼ੋਰਦਾਰ ਹੁਕਮ ਇਹ ਸੀ ਕਿ **ਕੇਵਲ ਮੇਰੇ ਪੁੱਤ੍ਰ ਨੂੰ ਉੱਥੇ ਕਦੀ ਨਾ ਮੋੜ ਲੈ ਜਾਵੀਂ**। ਕਨਾਨ ਉਹ ਥਾਂ ਸੀ ਜਿੱਥੇ ਪਰਮੇਸ਼ੁਰ ਚਾਹੁੰਦਾ ਸੀ ਕਿ ਅਬਰਾਹਾਮ ਅਤੇ ਇਸਹਾਕ ਰਹਿਣ ਅਤੇ ਹੁਣ ਅਬਰਾਹਾਮ ਨੇ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕਰਨ ਦਾ ਫ਼ੈਸਲਾ ਕਰ ਲਿਆ ਸੀ।

**ਆਇਤ 9.** ਨੌਕਰ ਨੂੰ ਪੁਰਖੇ ਨੇ ਜ਼ਿੰਮੇਵਾਰੀ ਸੌਂਪਣ ਦਾ ਕੰਮ ਪੂਰਾ ਕਰ ਲਿਆ ਅਤੇ ਉਸ ਨੂੰ ਇਸ ਜ਼ਿੰਮੇਵਾਰੀ ਤੋਂ ਛੋਟ ਵੀ ਦੇ ਦਿੱਤੀ ਜੇਕਰ ਉਹ ਜਵਾਨ ਤੀਵੀਂ ਉਸ ਦੇ ਨਾਲ ਵਾਪਸ ਕਨਾਨ ਵਿਚ ਆਉਣ ਤੋਂ ਇਨਕਾਰ ਕਰ ਦਿੰਦੀ ਹੈ। ਇਕੋ ਕੰਮ ਜੋ ਰਹਿ ਗਿਆ ਸੀ ਉਹ ਇਹ ਸੀ ਕਿ ਇਸ ਮਿਸ਼ਨ ਨੂੰ ਪੂਰਾ ਕਰਨ ਦੇ ਲਈ **ਨੌਕਰ ਨੇ ਆਪਣਾ ਹੱਥ ਆਪਣੇ ਸਵਾਮੀ ਅਬਰਾਹਾਮ ਦੇ ਪੱਟ ਹੇਠ ਰੱਖਕੇ ਉਹ ਦੇ ਨਾਲ ਇਸ ਗੱਲ ਦੀ ਸੌਂਹ ਖਾਣੀ ਸੀ**।

## ਸੇਵਕ ਦੁਆਰਾ ਮਾਰਗ ਦਰਸ਼ਣ ਲਈ ਪ੍ਰਾਰਥਨਾ (24:10-14)

**[10]ਉਪਰੰਤ ਉਹ ਨੌਕਰ ਆਪਣੇ ਸਵਾਮੀ ਦੇ ਊਠਾਂ ਵਿੱਚੋਂ ਦਸ ਊਠ ਲੈਕੇ ਤੁਰ ਪਿਆ ਕਿਉਂਜੋ ਉਹ ਦੇ ਹੱਥ ਵਿੱਚ ਉਹ ਦੇ ਸਵਾਮੀ ਦਾ ਸਾਰਾ ਮਾਲ ਧਨ ਸੀ ਅਰ ਉੱਠ ਕੇ ਮਸੋਪੋਤਾਮੀਆ ਦੇ ਦੇਸ ਵਿੱਚ ਨਾਹੋਰ ਦੇ ਨਗਰ ਤੀਕ ਗਿਆ। [11]ਅਤੇ ਸ਼ਾਮਾਂ ਦੇ ਵੇਲੇ ਜਦ ਤੀਵੀਆਂ ਪਾਣੀ ਭਰਨ ਨੂੰ ਨਿੱਕਲਦੀਆਂ ਹਨ ਤਾਂ ਉਸ ਨੌਕਰ ਨੇ ਆਪਣੇ ਊਠਾਂ ਨੂੰ ਨਗਰ ਤੋਂ ਬਾਹਰ ਬਿਠਾ ਦਿੱਤਾ। [12]ਤਦ ਉਸ ਆਖਿਆ, ਹੇ ਯਹੋਵਾਹ ਮੇਰੇ ਸਵਾਮੀ ਅਬਰਾਹਾਮ ਦੇ ਪਰਮੇਸ਼ੁਰ ਅੱਜ ਮੇਰਾ ਸਭ ਕਾਰਜ ਸੁਫਲ ਕਰ ਅਤੇ ਮੇਰੇ ਸਵਾਮੀ ਅਬਰਾਹਾਮ ਉੱਤੇ ਦਇਆ ਕਰ। [13]ਵੇਖ ਮੈਂ ਪਾਣੀ ਦੇ ਚਸ਼ਮੇ ਉੱਤੇ ਖੜਾ ਹਾਂ ਅਰ ਨਗਰ ਦੇ ਮਨੁੱਖਾਂ ਦੀਆਂ ਧੀਆਂ ਪਾਣੀ ਭਰਨ ਨੂੰ ਆਉਂਦੀਆਂ ਹਨ। [14]ਐਉਂ ਹੋਵੇ ਕਿ ਜਿਹੜੀ ਛੋਕਰੀ ਨੂੰ ਮੈਂ ਆਖਾਂ ਭਈ ਆਪਣਾ ਘੜਾ ਕੋਡਾ ਕਰੀਂ ਅਤੇ ਮੈਂ ਪੀਵਾਂਗਾ ਤਾਂ ਉਹ ਆਖੇ ਪੀਓ ਅਰ ਮੈਂ ਤੁਹਾਡੇ ਊਠਾਂ ਨੂੰ ਵੀ ਪਿਲਾਵਾਂਗੀ' ਸੋ ਉਹੋ ਹੋਵੇ ਜਿਸ ਨੂੰ ਤੈਂ ਆਪਣੇ ਦਾਸ ਇਸਹਾਕ ਲਈ ਠਹਿਰਾਇਆ ਹੈ ਅਤੇ ਮੈਂ ਏਸੇ ਗੱਲ ਤੋਂ ਜਾਣਾਂਗਾ ਕਿ ਤੈਂ ਮੇਰੇ ਸਵਾਮੀ ਉੱਤੇ ਕਿਰਪਾ ਕੀਤੀ ਹੈ।**

**ਆਇਤ 10.** **ਨੌਕਰ** ਨੇ **ਆਪਣੇ ਸਵਾਮੀ** ਦੇ ਇੱਜੜ ਵਿੱਚੋਂ **ਦਸ ਊਠ** ਚੁਣੇ। ਉਸ ਨੇ ਉਨ੍ਹਾਂ ਉੱਤੇ ਸਾਰਾ ਮਾਲ ਧਨ ਅਤੇ ਸਮਾਨ ਲੱਦਿਆ ਅਤੇ ਘੱਟੋ-ਘੱਟ ਇਕ ਮਹੀਨੇ ਦੇ ਲਈ **ਨਾਹੋਰ ਦੇ ਨਗਰ** ਨੂੰ ਜਾਣ ਦੀ ਤਿਆਰੀ ਕੀਤੀ। ਇਸ ਨਾਂ ਦਾ ਅਰਥ ਉਹ ਨਗਰ ਹੋ ਸਕਦਾ ਹੈ ਜਿਸ ਦਾ ਨਾਂ ਨਾਹੋਰ ਸੀ, ਪਰ ਸ਼ਾਇਦ ਇਸ ਦਾ ਅਰਥ ਹਾਰਾਨ ਹੈ, ਉਹ ਨਗਰ ਜਿੱਥੇ ਨਾਹੋਰ ਅਤੇ ਉਸ ਦਾ ਪਰਿਵਾਰ **ਮਸੋਪੋਤਾਮੀਆ**[4] ਦੇ ਉੱਤਰ-ਪੱਛਮ ਵਿਚ ਰਹਿੰਦੇ ਸਨ (ਵੇਖੋ 11:31; 27:43; 28:10; 29:4)। ਖਾਣ ਲਈ ਭੋਜਨ ਤੋਂ ਇਲਾਵਾ, ਊਠਾਂ ਨੂੰ ਸੋਨੇ ਚਾਂਦੀ ਅਤੇ ਹੋਰ ਕਈ ਮਹਿੰਗੀਆਂ ਚੀਜ਼ਾਂ ਆਪਣੇ ਉੱਤੇ ਲੱਦ ਕੇ ਖੜਨੀਆਂ ਪੈਣੀਆ ਸਨ ਜੋ ਪ੍ਰਾਚੀਨ ਮਸੋਪੋਤਾਮੀਆ ਅਨੁਸਾਰ ਤੋਹਫ਼ਿਆਂ ਅਤੇ ਲਾੜੀ ਦੇ ਮੁੱਲ ਵਜੋਂ ਵਰਤੀਆਂ ਜਾਣੀਆਂ ਸਨ (24:22, 53)। ਇਸ

ਤੋਂ ਇਲਾਵਾ, ਨੌਕਰ ਆਪਣੇ ਨਾਲ ਕੁਝ ਹੋਰ ਨੌਕਰਾਂ ਨੂੰ ਵੀ ਲੈ ਕੇ ਗਿਆ, ਜਿਨ੍ਹਾਂ ਦਾ ਬਿਰਤਾਂਤ ਵਿਚ ਸਿਰਫ ਅੱਗੇ ਚੱਲ ਕੇ ਜ਼ਿਕਰ ਕੀਤਾ ਗਿਆ ਹੈ (24:32, 54, 59)। ਇਹ ਮਨੁੱਖ ਅਬਰਾਹਾਮ ਦੇ ਨੌਕਰ ਅਤੇ ਉਸ ਦੇ ਊਠਾਂ ਦੀ ਮਦਦ ਦੇ ਲਈ ਜ਼ਰੂਰੀ ਹੋਣਗੇ ਅਤੇ ਉਹ ਡਾਕੂ ਚੋਰਾਂ ਵਿਰੁੱਧ ਸੁਰੱਖਿਆ ਪ੍ਰਦਾਨ ਕਰਨਗੇ ਜਿਹੜੇ ਉਨ੍ਹਾਂ ਤੇ ਹਮਲਾ ਕਰ ਸਕਦੇ ਸਨ ਅਤੇ ਉਨ੍ਹਾਂ ਕੋਲੋਂ ਉਨ੍ਹਾਂ ਦੇ ਮਹਿੰਗੇ ਤੋਹਫ਼ਿਆਂ ਅਤੇ ਹੋਰ ਮਾਲ ਧਨ ਚੋਰੀ ਕਰਨ ਦੀ ਕੋਸ਼ਿਸ਼ ਕਰ ਸਕਦੇ ਸਨ।

ਕੁਝ ਵਿਦਵਾਨਾਂ ਨੇ ਇਸ ਬਿਰਤਾਂਤ ਵਿਚ ਊਠਾਂ ਦੇ ਹਵਾਲੇ ਦੀ ਆਲੋਚਨਾ ਕੀਤੀ ਹੈ, ਇਹ ਦਾਅਵਾ ਕਰਦਿਆਂ ਕਿ ਦੂਜੀ ਸਦੀ ਦੇ ਆਖ਼ਰੀ ਹਿੱਸੇ ਤੱਕ ਊਠ ਘਰਾਂ ਵਿਚ ਨਹੀਂ ਸੀ ਪਾਲੇ ਜਾਂਦੇ। ਇਸ ਧਾਰਣਾ ਤੇ ਅਧਾਰਿਤ, ਉਹ ਇਹ ਦਾਅਵਾ ਕਰਦੇ ਹਨ ਕਿ ਉਤਪਤ ਪਹਿਲੀ ਸਦੀ ਦੀ ਰਚਨਾ ਸੀ ਜਿਸ ਵਿਚ ਗਲਤ ਤਰੀਕੇ ਨਾਲ ਇਹ ਕਲਪਨਾ ਕੀਤੀ ਗਈ ਹੈ ਕਿ ਅਬਰਾਹਾਮ ਦੇ ਸਮੇਂ ਵਿਚ ਊਠਾਂ ਦਾ ਇਸਤੇਮਾਲ ਕੀਤਾ ਜਾਂਦਾ ਸੀ। ਇਹ ਸੱਚ ਹੈ ਕਿ ਅਬਰਾਹਾਮ ਦੇ ਸਮੇਂ ਤੋਂ ਕਨਾਨ ਵਿਚ ਊਠਾਂ ਦੇ ਇਸਤੇਮਾਲ ਲਈ ਬਾਹਰੀ ਸਬੂਤ ਵਿਰਲੇ ਹਨ, ਪੁਰਾਤੱਤਵ ਵਿਗਿਆਨੀਆਂ ਨੂੰ ਵੱਖ-ਵੱਖ ਥਾਵਾਂ ਤੇ ਊਠਾਂ ਦੀਆਂ ਹੱਡੀਆਂ ਮਿਲੀਆਂ ਹਨ ਜੋ ਉਸ ਸਮੇਂ ਦੀਆਂ ਹਨ।[5] ਅਸਲ ਵਿਚ, ਊਠਾਂ ਦੇ ਪਾਲਣ ਦਾ ਸਬੂਤ ਇਰਾਨ ਵਿਚ 2700 ਈ.ਪੂ. ਤੋਂ ਹੈ ਅਤੇ ਉਹ ਦੂਜੀ ਸਦੀ ਦੀ ਸ਼ੁਰੂਆਤ ਵਿਚ ਪੂਰੇ ਮਸੋਪੋਤਾਮੀਆ ਅਤੇ ਅਰਬ ਵਿਚ ਫੈਲ ਗਏ।[6] ਜਦ ਕਿ ਅਬਰਾਹਾਮ ਵਰਗੇ ਧਨੀ ਮਨੁੱਖ ਕੋਲ ਇਨ੍ਹਾਂ ਉਪਯੋਗੀ ਜਾਨਵਰਾਂ ਦਾ ਪੂਰਾ ਇੱਜੜ ਹੋਵੇਗਾ, ਉਤਪਤ ਵਿਚ ਖੋਤਾ ਇਕ ਸਧਾਰਣ ਜਾਨਵਰ ਸੀ ਜਿਸ ਨੂੰ ਭਾਰ ਢੋਹਣ ਦੇ ਲਈ ਇਸਤੇਮਾਲ ਕੀਤਾ ਜਾਂਦਾ ਸੀ (22:3; 42:26, 27; 45:23)।

**ਆਇਤ 11.** ਕਨਾਨ ਤੋਂ ਉਸ ਨਗਰ ਦਾ ਲੰਬਾ ਸਫਰ ਜਿੱਥੇ ਨਾਹੋਰ ਰਹਿੰਦਾ ਸੀ ਬਹੁਤ ਹੀ ਮੁਸ਼ਕਲ ਅਤੇ ਥਕਾਉਣ ਵਾਲਾ ਸੀ, ਸਗੋਂ ਸਾਲ ਦੀ ਸਭ ਤੋਂ ਠੰਡੀ ਰੁੱਤ ਦੌਰਾਨ ਵੀ। ਰੁੱਤ ਭਾਵੇਂ ਕੋਈ ਵੀ ਹੋਵੇ, ਮਨੁੱਖ ਅਤੇ ਜਾਨਵਰ ਹਾਰਾਨ ਤੀਕ ਪਹੁੰਚਦੇ-ਪਹੁੰਚਦੇ ਥੱਕ ਜਾਂਦੇ ਸਨ ਅਤੇ ਉਨ੍ਹਾਂ ਨੂੰ ਪਿਆਸ ਲੱਗ ਜਾਂਦੀ ਸੀ। ਇਸ ਦੇ ਫਲਸਰੂਪ, ਨੌਕਰ ਨੇ **ਆਪਣੇ ਊਠਾਂ ਨੂੰ ਨਗਰ ਤੋਂ ਬਾਹਰ ਬਿਠਾ ਦਿੱਤਾ**, ਜਿੱਥੇ ਇੱਕ **ਪਾਣੀ ਦਾ ਚਸ਼ਮਾ** ਸੀ।

ਲਿਖਤ ਇਸ ਦਾ ਕੋਈ ਸੰਕੇਤ ਨਹੀਂ ਦਿੰਦੀ ਕਿ ਨੌਕਰ ਨੂੰ ਕਿਵੇਂ ਪਤਾ ਲੱਗਾ ਕਿ ਕਿੱਧਰ ਨੂੰ ਜਾਣਾ ਹੈ। ਕੀ ਉੱਥੇ ਉਸ ਸੁਰਗਦੂਤ ਦੀ ਕੋਈ ਸੁਣਾਈ ਦੇਣ ਯੋਗ ਅਵਾਜ਼ ਸੀ ਜਿਸ ਦਾ ਜ਼ਿਕਰ ਉਸ ਦੇ ਸਵਾਮੀ ਨੇ ਕੀਤਾ ਸੀ ਕਿ ਉਸ ਰਾਹ ਵੱਲ ਨੂੰ ਉਸ ਦੀ ਅਗਵਾਈ ਕਰੇਗਾ (24:7)? ਗੱਲ ਭਾਵੇਂ ਕੋਈ ਵੀ ਹੋਵੇ, ਉਹ ਲੰਬੇ ਸਫਰ ਤੋਂ ਥੱਕਿਆ ਹਾਰਿਆ ਉੱਥੇ ਪਹੁੰਚਿਆ; ਫਿਰ ਵੀ ਉਸ ਨੇ ਊਠਾਂ ਨੂੰ ਪਾਣੀ ਪਿਲਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਉਸ ਦੇ ਇਸ ਫ਼ੈਸਲੇ ਦਾ ਕਾਰਣ ਇਹ ਸੀ ਕਿ ਇਹ **ਸ਼ਾਮਾਂ ਦਾ ਵੇਲਾ** ਸੀ (ਜਦੋਂ ਸੂਰਜ ਲਗਭਗ ਡੁੱਬ ਗਿਆ ਸੀ, ਜਦੋਂ ਤਾਪਮਾਨ ਬਹੁਤ ਜ਼ਿਆਦਾ ਠੰਡਾ ਸੀ) ਅਤੇ ਉਹ ਜਾਣਦਾ ਸੀ ਕਿ **ਤੀਵੀਆਂ** – ਖਾਸ ਕਰਕੇ ਕੁਆਰੀਆਂ ਕੁੜੀਆਂ – ਛੇਤੀ ਹੀ **ਪਾਣੀ ਭਰਨ ਨੂੰ** ਆਉਣੀਆਂ (ਵੇਖੋ 1 ਸਮੂਏਲ 9:11)। ਕਿਉਂਕਿ ਉਸ ਦਾ ਮਿਸ਼ਨ ਇਸਹਾਕ ਦੇ ਲਈ ਸਹੀ ਪਤਨੀ ਲੱਭਣਾ ਸੀ, ਨੌਕਰ ਦੇ ਲਈ ਇਸਹਾਕ ਦੇ ਲਈ ਪਤਨੀ ਨੂੰ ਉਸ ਨਗਰ ਦੇ ਬਾਹਰ ਚਸ਼ਮੇ ਕੋਲ ਲੱਭਣ ਤੋਂ ਵਧੀਆ ਥਾਂ ਹੋਰ ਕਿਤੇ ਨਹੀਂ ਸੀ ਮਿਲਣਾ।[7]

**ਆਇਤ 12.** ਇੱਥੇ ਆ ਕੇ, ਨੌਕਰ ਨੇ ਆਪਣੇ **ਸਵਾਮੀ ਅਬਰਾਹਾਮ** ਦੀ ਖਾਤਰ **ਪਰਮੇਸ਼ੁਰ** (ਯਹੋਵਾਹ) ਦੇ ਅੱਗੇ ਸੱਚੇ ਮਨ ਨਾਲ ਪ੍ਰਾਰਥਨਾ ਕਰਨੀ ਸ਼ੁਰੂ ਕੀਤੀ। ਇਹ ਕਾਰਜ ਇਸ ਗੱਲ

ਵੱਲ ਇਸ਼ਾਰਾ ਕਰਦਾ ਹੈ ਕਿ ਪੁਰਖਾ ਇਸ ਨੌਕਰ ਦੇ ਲਈ ਇੱਕੋ ਸੱਚੇ ਪਰਮੇਸ਼ੁਰ ਵਿਚ ਨਿਹਚਾ ਕਰਨ ਦੇ ਲਈ ਇਕ ਬਰਕਤ ਦਾ ਕਾਰਣ ਬਣਿਆ ਸੀ। ਉਸ ਦੀ ਪ੍ਰਾਰਥਨਾ ਉਸ ਦੇ ਸਵਾਮੀ ਦੇ ਪੁੱਤਰ, ਇਸਹਾਕ ਦੇ ਲਈ ਇਕ ਪਤਨੀ ਦੇ ਰੂਪ ਵਿਚ ਸਹੀ ਨੌਜਵਾਨ ਇਸਤਰੀ ਨੂੰ ਲੱਭਣ ਦੇ ਲਈ ਸਫਲਤਾ ਵਾਸਤੇ ਸੀ। ਇਸ ਤੋਂ ਇਲਾਵਾ, ਉਸ ਨੇ ਇਹ ਇਸ਼ਾਰਾ ਕੀਤਾ ਕਿ ਪਰਮੇਸ਼ੁਰ ਉਸ ਦੀ ਬੇਨਤੀ ਨੂੰ ਸਵੀਕਾਰ ਕਰਨ ਦੇ ਦੁਆਰਾ ਅਬਰਾਹਾਮ ਤੇ **ਦਇਆ** (חֶסֶד, *ਚੀਸਡ*) ਕਰੇਗਾ।

**ਆਇਤ 13.** ਨੌਕਰ ਨੇ ਨੌਜਵਾਨ ਇਸਤਰੀ ਦੇ ਗੁਣਾਂ ਦੇ ਚਰਿੱਤਰ ਦੀ ਪਰਖ ਕਰਨ ਵਾਸਤੇ ਇੱਕ ਯੋਜਨਾ ਬਣਾਈ, ਖਾਸ ਕਰਕੇ ਉਸ ਦੀ ਪ੍ਰਾਹੁਣਚਾਰੀ ਨੂੰ ਪਰਖਣ ਦੇ ਲਈ। ਉਸ ਨੂੰ ਇਸਹਾਕ ਨਾਲ ਵਿਆਹ ਕਰਵਾਉਣ ਦੇ ਲਈ ਆਪਣੀ ਯੋਗਤਾ ਵਿਖਾਉਣੀ ਪਵੇਗੀ, ਜਿਸ ਦਾ ਪਿਤਾ ਪਰਾਹੁਣਚਾਰੀ ਦਾ ਇਕ ਨਮੂਨਾ ਸੀ ਅਤੇ ਉਸ ਨੇ ਕਨਾਨ ਦੇਸ ਵਿਚ ਅਜਨਬੀਆਂ ਦੇ ਜੀਵਨਾਂ ਨੂੰ ਬਰਕਤ ਦਿੱਤੀ ਸੀ (18:1-8)। ਨੌਕਰ ਨੇ ਦੱਸਿਆ ਕਿ ਉਹ **ਪਾਣੀ ਦੇ ਚਸ਼ਮੇ ਉਤੇ ਖੜਾ** ਸੀ, ਜਿੱਥੇ **ਨਗਰ ਦੇ ਮਨੁੱਖਾਂ ਦੀਆਂ ਧੀਆਂ ਪਾਣੀ ਭਰਨ ਨੂੰ** [ਆਈਆਂ]। ਲਿਖਤ "ਪਾਣੀ ਦੇ ਚਸ਼ਮੇ" (בְּאֵר, *ਬੀਰ*; 24:11, 20) ਦਾ ਹਵਾਲਾ ਦਿੰਦੀ ਹੈ; ਇਹ ਪਾਣੀ ਇਕ "ਚਸ਼ਮੇ" (עַיִן, *ਅਯਿਨ*; 24:13, 16) ਤੋਂ ਨਿੱਕਲਦਾ ਸੀ। ਇੱਥੇ ਹੀ ਜਵਾਨ ਔਰਤਾਂ ਆਪਣੇ ਘੜੇ ਭਰਨ ਦੇ ਲਈ ਆਈਆਂ ਸਨ। ਘੜਿਆਂ ਨੂੰ ਭਰਨ ਤੋਂ ਬਾਅਦ, ਉਹ ਉਨ੍ਹਾਂ ਘੜਿਆਂ ਨੂੰ ਪਾਣੀ ਦੇ ਕੁੰਡ ਕੋਲ ਲੈ ਗਈਆਂ ਅਤੇ ਜਾਨਵਰਾਂ ਦੇ ਲਈ ਪਾਣੀ ਉਲੱਦ ਦਿੱਤਾ।

**ਆਇਤ 14.** ਨੌਕਰ ਦੀ ਪਰਖ ਪਿਆਸੇ ਮੁਸਾਫਰਾਂ ਨੂੰ ਆਮ ਕਿਰਪਾ ਵਿਖਾਉਣ ਤੋਂ ਵੱਧ ਦੀ ਮੰਗ ਕਰਦੀ ਸੀ; ਬਜਾਇ ਇਸ ਦੇ, ਉਸ ਨੂੰ ਆਪਣਾ **ਘੜਾ ਕੋਡਾ ਕਰਨ** ਦੇ ਲਈ ਕਹਿਣ ਤੋਂ ਬਾਅਦ, ਤਾਂ ਕਿ ਉਹ **ਪੀ** ਸਕਦਾ, ਉਸ ਨੇ ਅੱਗੇ ਇਹ ਬੇਨਤੀ ਕੀਤੀ ਕਿ ਉਹ ਇਹ ਆਖੇ, **ਪੀਓ ਅਰ ਮੈਂ ਤੁਹਾਡੇ ਊਠਾਂ ਨੂੰ ਵੀ ਪਿਲਾਵਾਂਗੀ**। ਕਿਉਂਕਿ ਊਠ ਪਾਣੀ ਦੇ ਪੰਜੀ ਗੈਲਨ ਪੀ ਸਕਦੇ ਹਨ ਅਤੇ ਕਿਉਂਕਿ ਅਬਰਾਹਾਮ ਦਾ ਨੌਕਰ ਦਸ ਊਠਾਂ ਨਾਲ ਸਫਰ ਕਰ ਰਿਹਾ ਸੀ, ਉਸ ਨੂੰ ਚਸ਼ਮੇ ਵਿੱਚੋਂ ਪਾਣੀ ਦੇ (250 ਗੈਲਨ) ਕੱਢਣ ਨੂੰ ਤਿਆਰ ਰਹਿਣਾ ਚਾਹੀਦਾ ਸੀ। ਇਹੋ ਜਿਹੀ ਜਵਾਨ ਔਰਤ ਸੱਚਮੁੱਚ ਅਸਧਾਰਣ ਹੋਵੇਗੀ: ਉਹ ਜਿਹੜੀ ਦਿਆਲੂ, ਪਰਾਹੁਣਚਾਰ, ਉੱਦਮੀ ਅਤੇ ਬਜ਼ੁਰਗ ਅਜਨਬੀ ਦੀ ਮਦਦ ਕਰਨ ਨੂੰ ਤਿਆਰ। ਨੌਕਰ ਨੇ ਇਹ ਪਰਖ ਕਰਨ ਦੀ ਯੋਜਨਾ ਬਣਾਈ ਸੀ ਤਾਂ ਕਿ ਉਹ **ਇਸਹਾਕ** ਲਈ ਸਹੀ ਤੀਵੀਂ ਦੀ ਆਪਣੀ ਚੋਣ ਅਤੇ ਉਸ ਦੇ **ਸਵਾਮੀ** ਉੱਤੇ ਪਰਮੇਸ਼ੁਰ ਦੀ **ਕਿਰਪਾ** ਦੀ ਗਵਾਹੀ ਦੇਣ ਦੀ ਇੱਛਾ ਵਿਚ ਗੁਮਰਾਹ ਨਾ ਹੋਵੇ।[8]

## ਰਿਬਕਾਹ ਦਾ ਪਾਣੀ ਦੇ ਚਸ਼ਮੇ ਕੋਲ ਆਉਣਾ (24:15-27)

**15ਤਾਂ ਐਉਂ ਹੋਇਆ ਜਾਂ ਉਹ ਇਹ ਗੱਲ ਕਰਦਾ ਹੀ ਸੀ ਤਾਂ ਵੇਖੋ ਰਿਬਕਾਹ ਜੋ ਅਬਰਾਹਾਮ ਦੇ ਭਰਾ ਨਾਹੋਰ ਦੀ ਤੀਵੀਂ ਮਿਲਕਾਹ ਦੇ ਪੁੱਤ੍ਰ ਬਥੂਏਲ ਤੋਂ ਜੰਮੀ ਸੀ ਆਪਣਾ ਘੜਾ ਮੋਢਿਆਂ ਤੇ ਚੁੱਕਕੇ ਆ ਨਿੱਕਲੀ। 16ਅਰ ਉਹ ਛੋਕਰੀ ਵੇਖਣ ਵਿੱਚ ਵੱਡੀ ਸੋਹਣੀ ਅਰ ਕੁਆਰੀ ਸੀ ਅਰ ਕਿਸੇ ਮਨੁੱਖ ਨੇ ਉਹ ਨੂੰ ਨਹੀਂ ਜਾਣਿਆ ਸੀ ਅਤੇ ਉਹ ਚਸ਼ਮੇ ਵਿੱਚ ਉੱਤਰੀ ਅਰ ਆਪਣਾ ਘੜਾ ਭਰਕੇ ਉਤਾਹਾਂ ਨੂੰ ਆਈ। 17ਤਾਂ ਉਹ ਨੌਕਰ ਉਸ ਨੂੰ ਮਿਲਣ ਨੂੰ ਨੱਠਕੇ ਗਿਆ ਅਰ ਆਖਿਆ, ਆਪਣੇ ਘੜੇ ਵਿੱਚੋਂ ਮੈਨੂੰ ਥੋੜਾ ਪਾਣੀ ਪਿਲਾਈਂ। 18ਤਾਂ ਉਸ ਆਖਿਆ, ਮੇਰੇ ਸਵਾਮੀ ਜੀ ਪੀਓ ਤਾਂ ਉਸ ਸ਼ਤਾਬੀ ਨਾਲ ਆਪਣਾ ਘੜਾ ਹੱਥਾਂ ਉੱਤੇ ਕਰਕੇ ਕੋਡਾ ਕੀਤਾ ਅਰ ਉਸ ਨੂੰ ਪਿਲਾਇਆ। 19ਜਦ ਉਹ ਉਸ ਨੂੰ ਪਾਣੀ ਪਿਲਾ ਚੁੱਕੀ ਤਾਂ ਉਸ ਆਖਿਆ, ਮੈਂ ਤੁਹਾਡੇ ਊਠਾਂ ਲਈ ਵੀ ਪਾਣੀ ਭਰਾਂਗੀ**

**ਜਦ ਤੀਕਰ ਓਹ ਪੀ ਨਾ ਚੁੱਕਣ। [20]ਤਾਂ ਉਸ ਸ਼ਤਾਬੀ ਨਾਲ ਆਪਣਾ ਘੜਾ ਹੌਦ ਵਿੱਚ ਡੋਹਲ ਦਿੱਤਾ ਅਰ ਫੇਰ ਖੂਹ ਵਿੱਚੋਂ ਪਾਣੀ ਭਰਨ ਨੂੰ ਨੱਠਕੇ ਗਈ ਅਰ ਉਹ ਦੇ ਸਾਰਿਆਂ ਊਠਾਂ ਲਈ ਪਾਣੀ ਭਰਿਆ। [21]ਉਹ ਮਨੁੱਖ ਵੱਡੇ ਧਿਆਨ ਨਾਲ ਚੁੱਪ ਕਰਕੇ ਉਹ ਨੂੰ ਵੇਖਦਾ ਰਿਹਾ ਇਸ ਗੱਲ ਦੇ ਜਾਣਨ ਨੂੰ ਭਈ ਯਹੋਵਾਹ ਨੇ ਉਸ ਦਾ ਸਫਰ ਸੁਫਲ ਕੀਤਾ ਹੈ ਕਿ ਨਹੀਂ। [22]ਤਦ ਐਉਂ ਹੋਇਆ ਜਦ ਊਠ ਪੀ ਚੁੱਕੇ ਤਾਂ ਉਸ ਮਨੁੱਖ ਨੇ ਅੱਧੇ ਤੋਲੇ ਸੋਨੇ ਦੀ ਇੱਕ ਨੱਥ ਅਰ ਦਸ ਤੋਲੇ ਸੋਨੇ ਦੇ ਦੋ ਕੜੇ ਉਹ ਦੇ ਹੱਥਾਂ ਲਈ ਕੱਢੇ [23]ਅਤੇ ਆਖਿਆ, ਮੈਨੂੰ ਦੱਸੀਂ ਤੂੰ ਕਿਹਦੀ ਪੁੱਤ੍ਰੀ ਹੈਂ ਅਰ ਕੀ ਤੇਰੇ ਪਿਤਾ ਦੇ ਘਰ ਵਿੱਚ ਸਾਡੇ ਲਈ ਅੱਜ ਰਾਤ ਰਹਿਣ ਦੀ ਥਾਂ ਹੈ? [24]ਉਸ ਉਹ ਨੂੰ ਆਖਿਆ, ਮੈਂ ਬਥੂਏਲ ਦੀ ਧੀ ਹਾਂ ਜਿਸ ਨੂੰ ਮਿਲਕਾਹ ਨੇ ਨਾਹੋਰ ਤੋਂ ਜਣਿਆ। [25]ਨਾਲੇ ਉਸ ਨੇ ਉਹ ਨੂੰ ਆਖਿਆ, ਸਾਡੇ ਕੋਲ ਪੱਠਾ ਦੱਥਾ ਬਥੇਰਾ ਹੈ ਅਰ ਰਾਤ ਰਹਿਣ ਦੀ ਥਾਂ ਵੀ ਹੈ। [26]ਤਦ ਓਸ ਮਨੁੱਖ ਨੇ ਸੀਸ ਝੁਕਾਇਆ ਅਤੇ ਯਹੋਵਾਹ ਨੂੰ ਮੱਥਾ ਟੇਕਿਆ। [27]ਅਰ ਉਸ ਆਖਿਆ, ਯਹੋਵਾਹ ਮੇਰੇ ਸਵਾਮੀ ਅਬਰਾਹਾਮ ਦਾ ਪਰਮੇਸ਼ੁਰ ਮੁਬਾਰਕ ਹੋਵੇ ਜਿਸ ਮੇਰੇ ਸਵਾਮੀ ਅਬਰਾਹਾਮ ਤੋਂ ਆਪਣੀ ਕਿਰਪਾ ਅਰ ਆਪਣੀ ਸਚਿਆਈ ਨੂੰ ਨਹੀਂ ਮੋੜਿਆ ਅਰ ਮੈਂ ਰਾਹ ਵਿੱਚ ਹੀ ਸਾਂ ਕਿ ਯਹੋਵਾਹ ਨੇ ਮੈਨੂੰ ਮੇਰੇ ਸਵਾਮੀ ਦੇ ਭਰਾਵਾਂ ਦੇ ਘਰ ਦੇ ਰਾਹ ਪਾਇਆ।**

**ਆਇਤ 15.** ਸਗੋਂ [ਨੌਕਰ] ਪਰਮੇਸ਼ੁਰ ਨਾਲ **ਇਹ ਗੱਲ ਕਰਦਾ ਹੀ ਸੀ** ਕਿ **ਰਿਬਕਾਹ** ਚਸ਼ਮੇ ਕੋਲ ਆ ਗਈ। ਲੇਖਕ ਦਾ ਵਰਣਨ ਨੌਕਰ ਦੀ ਬੇਨਤੀ ਦੇ ਪ੍ਰਤੀ ਰੱਬੀ ਜਵਾਬ ਦੀ ਤਤਪਰਤਾ ਤੇ ਜ਼ੋਰ ਦਿੰਦਾ ਸੀ। ਪਹਿਲਾਂ ਤੋਂ ਹੀ, ਪਰਮੇਸ਼ੁਰ ਆਪਣੇ ਵਾਅਦੇ ਨੂੰ ਪੂਰਾ ਕਰ ਰਿਹਾ ਸੀ ਜੋ ਬਾਅਦ ਵਿਚ ਉਸ ਨੇ ਆਪਣੇ ਲੋਕਾਂ ਨਾਲ ਕੀਤਾ ਸੀ: "ਐਉਂ ਹੋਵੇਗਾ ਕਿ ਓਹਨਾਂ ਦੇ ਪੁਕਾਰਨ ਤੋਂ ਪਹਿਲਾਂ ਮੈਂ ਉੱਤਰ ਦਿਆਂਗਾ, ਅਤੇ ਓਹ ਅਜੇ ਗੱਲਾਂ ਹੀ ਕਰਦੇ ਹੋਣਗੇ ਕਿ ਮੈਂ ਸੁਣ ਲਵਾਂਗਾ" (ਯਸਾਯਾਹ 65:24)।

ਵਾਰਤਾਕਾਰ ਨੇ ਰਿਬਕਾਹ ਦੀ ਸ਼ਕਲ ਸੂਰਤ ਜਾਂ ਚਰਿੱਤਰ ਬਾਰੇ ਕੁਝ ਵੀ ਦੱਸਣ ਤੋਂ ਪਹਿਲਾਂ ਉਸ ਦੀ ਵੰਸ਼ਾਵਲੀ ਦੀ ਪਛਾਣ ਕੀਤੀ। ਅਬਰਾਹਾਮ ਦੀ ਮੁਢਲੀ ਯੋਗਤਾ ਇਹ ਸੀ ਕਿ ਇਸਹਾਕ ਦੀ ਤੀਵੀਂ ਉਸ ਦੇ ਕੁਨਬੇ ਵਿੱਚੋਂ ਆਉਣੀ ਚਾਹੀਦੀ ਹੈ (24:4)। ਇਸ ਲਈ, ਲਿਖਤ ਪਹਿਲਾਂ ਉਸ ਦੇ ਪਿਤਾ **ਬਥੂਏਲ** ਦੀ ਪਛਾਣ ਕਰਦੀ ਹੈ ਅਤੇ ਫਿਰ ਉਸ ਦੀ ਦਾਦੀ **ਮਿਲਕਾਹ** ਦਾ ਨਾਉਂ ਦਿੰਦੀ ਹੈ, ਜਿਹੜੀ **ਅਬਰਾਹਾਮ ਦੇ ਭਰਾ ਨਾਹੋਰ ਦੀ ਪਤਨੀ** ਸੀ (ਵੇਖੋ 11:27, 29; 22:20-23)। ਇਕ ਜਵਾਨ ਇਸਤਰੀ ਪਾਣੀ ਭਰਨ ਦੇ ਲਈ ਆਪਣਾ **ਘੜਾ ਮੋਢਿਆਂ ਤੇ ਚੁੱਕਕੇ** ਸ਼ਹਿਰ ਵਿੱਚੋਂ **ਨਿੱਕਲੀ**।

**ਆਇਤ 16.** ਲਿਖਤ ਵਰਣਨ ਕਰਦੀ ਹੈ ਕਿ ਰਿਬਕਾਹ **ਵੱਡੀ ਸੋਹਣੀ** ਸੀ ਅਤੇ ਉਹ ਇਕ **ਕੁਆਰੀ** ਹੋਣ ਕਰਕੇ ਕਾਮੁਕ ਤੌਰ ਤੇ ਬਹੁਤ ਭੋਲੀ ਸੀ। ਇਹ ਕਥਨ ਕਿ **ਕਿਸੇ ਮਨੁੱਖ ਨੇ** [ਕਦੇ] **ਉਹ ਨੂੰ ਨਹੀਂ ਜਾਣਿਆ ਸੀ** ਇਸ ਤੱਥ ਨੂੰ ਸਪੱਸ਼ਟ ਕਰਦਾ ਹੈ ਕਿ ਉਹ ਇਕ ਅਜਿਹੀ ਨੌਜਵਾਨ ਇਸਤਰੀ ਸੀ ਜਿਸ ਦਾ ਸਮਾਜ ਵਿੱਚ ਇਕ ਚੰਗਾ ਰੁਤਬਾ ਸੀ। ਇਹ ਇਸਹਾਕ ਦੇ ਰਾਹੀਂ ਅਬਰਾਹਾਮ ਦੀ ਸੰਤਾਨ ਦੇ ਸੰਬੰਧ ਵਿਚ ਪਰਮੇਸ਼ੁਰ ਦੇ ਵਾਅਦੇ ਦੇ ਸੁਭਾਅ ਦੇ ਕਾਰਣ ਮਹੱਤਵਪੂਰਣ ਸੀ। ਜੇਕਰ ਇਹ ਜਵਾਨ ਇਸਤਰੀ ਇਸਹਾਕ ਦੀ ਪਤਨੀ ਬਣਦੀ ਹੈ, ਉਸ ਬੱਚੇ ਦਾ ਜਣੇਪਾ ਜੋ ਉਸ ਦੇ ਰਾਹੀਂ ਜਨਮ ਲਵੇਗਾ ਨਿਰਸੰਦੇਹ ਹੋਵੇਗਾ।

ਪ੍ਰਾਚੀਨ ਸੰਸਾਰ ਵਿਚ ਨਿਰਵਿਵਾਦ ਵੰਸ਼ਾਵਲੀ ਖਾਸ ਤੌਰ ਤੇ ਜ਼ਰੂਰੀ ਸੀ ਕਿਉਂਕਿ ਜ਼ਮੀਨ ਦਾ ਵਿਰਸਾ ਅਤੇ ਕਬਜ਼ਾ ਆਮ ਤੌਰ ਤੇ ਪਿਤਾ ਵੱਲੋਂ ਪੁੱਤਰ ਨੂੰ ਦਿੱਤਾ ਜਾਂਦਾ ਸੀ। ਫਿਰ ਵੀ, ਇਸ

ਸਥਿਤੀ ਵਿਚ ਕੋਈ ਚੀਜ਼ ਜ਼ਮੀਨ ਅਤੇ ਕਬਜ਼ੇ ਨਾਲੋਂ ਵੀ ਵੱਡੀ ਜਿਸ ਦੇ ਵਿਚਾਰ ਕਰਨ ਦੀ ਲੋੜ ਸੀ। ਪਰਮੇਸ਼ੁਰ ਦੇ ਸਰੀਰਕ ਅਤੇ ਆਤਮਿਕ ਵਾਅਦਿਆਂ ਦੇ ਪੂਰਾ ਹੋਣ ਦੇ ਲਈ ਰਿਬਕਾਹ ਦੇ ਕੁਆਰਾਪਣੇ ਨੂੰ ਸੁਨਿਸ਼ਚਿਤ ਕਰਨ ਦੀ ਲੋੜ ਸੀ ਕਿਉਂਕਿ ਸਿਰਫ ਅਬਰਾਹਾਮ ਅਤੇ ਇਸਹਾਕ ਦੇ ਵੰਸ਼ ਦੇ ਰਾਹੀਂ ਹੀ ਪਰਮੇਸ਼ੁਰ ਨੇ "ਧਰਤੀ ਦੇ ਸਾਰੇ ਘਰਾਣਿਆਂ" ਨੂੰ ਮੁਬਾਰਕ ਬਣਾਉਣ ਦਾ ਵਾਇਦਾ ਕੀਤਾ ਸੀ (12:3; ਵੇਖੋ 17:15-19; 22:17, 18)।

ਰਿਬਕਾਹ ਦੀ ਸਰੀਰਕ ਸੁੰਦਰਤਾ ਅਤੇ ਭੋਲੇ ਚਰਿੱਤਰ ਦਾ ਵਰਣਨ ਕਰਨ ਤੋਂ ਬਾਅਦ, ਲੇਖਕ ਨੇ ਇਹ ਟਿੱਪਣੀ ਕਰਨ ਦੁਆਰਾ ਆਪਣੀ ਗੱਲ ਨੂੰ ਜਾਰੀ ਰੱਖਿਆ ਕਿ **ਉਹ ਚਸ਼ਮੇ ਵਿੱਚ ਉੱਤਰੀ ਅਰ ਆਪਣਾ ਘੜਾ ਭਰ ਕਰਕੇ ਉਤਾਹਾਂ ਨੂੰ ਆਈ**। ਪਰਤੱਖ ਰੂਪ ਵਿਚ, ਉਹ ਚਸ਼ਮਾ ਜਿਸ ਦਾ ਪਾਣੀ ਖੂਹ ਦੇ ਵਿਚ ਵਹਿੰਦਾ ਸੀ ਕੁਝ ਕਦਮ ਹੇਠਾਂ ਨੂੰ ਸੀ; ਘੜਾ ਭਰਨ ਤੋਂ ਬਾਅਦ, ਉਸ ਨੂੰ ਜਾਨਵਰਾਂ ਨੂੰ ਪਾਣੀ ਪਿਆਉਣ ਦੇ ਲਈ ਉੱਨੇ ਹੀ ਕਦਮ ਉਤਾਹਾਂ ਨੂੰ ਆਉਣਾ ਪਿਆ ਸੀ। ਇਸ ਦੇ ਲਈ ਥੋੜ੍ਹੇ ਜਤਨ ਦੀ ਲੋੜ ਸੀ; ਇਸ ਲਈ ਊਠਾਂ ਨੂੰ ਪਾਣੀ ਪਿਆਉਣ ਦੀ ਉਸ ਦੀ ਪੇਸ਼ਕਸ਼ ਇਹ ਇਸ਼ਾਰਾ ਕਰਦੀ ਸੀ ਕਿ ਉਸ ਦੇ ਹੋਰ ਗੁਣਾਂ ਤੋਂ ਇਲਾਵਾ, ਉਹ ਸਰੀਰਕ ਤੌਰ ਤੇ ਵੀ ਤਕੜੀ ਅਤੇ ਤੰਦਰੁਸਤ ਸੀ।

**ਆਇਤ 17.** ਉਸ ਛੋਕਰੀ ਨੂੰ ਨੇੜਿਓਂ ਵੇਖਣ ਤੋਂ ਬਾਅਦ, **ਉਹ ਨੌਕਰ ਉਸ ਨੂੰ ਮਿਲਣ ਨੂੰ ਨੱਠਕੇ ਗਿਆ** ਇਹ ਪਤਾ ਲਗਾਉਣ ਦੇ ਲਈ ਕਿ ਉਹ ਉਨ੍ਹਾਂ ਸਾਰੀਆਂ ਸ਼ਰਤਾਂ ਨੂੰ ਪੂਰਿਆਂ ਕਰਦੀ ਸੀ ਜਾਂ ਨਹੀਂ ਜੋ ਉਸ ਨੇ ਆਪਣੀ ਪ੍ਰਾਰਥਨਾ ਵਿਚ ਯਹੋਵਾਹ ਦੇ ਅੱਗੇ ਰੱਖੀਆਂ ਸਨ। ਜਦੋਂ ਉਹ ਉਸ ਦੇ ਕੋਲ ਪਹੁੰਚਿਆ, ਉਸ ਨੇ ਬੇਨਤੀ ਕੀਤੀ ਕਿ **ਆਪਣੇ ਘੜੇ ਵਿੱਚੋਂ ਮੈਨੂੰ ਥੋੜਾ ਪਾਣੀ ਪਿਲਾਈਂ**।

**ਆਇਤ 18.** ਉਸ ਛੋਕਰੀ ਦਾ ਜਵਾਬ ਸੀ, **ਮੇਰੇ ਸਵਾਮੀ ਜੀ ਪੀਓ**। "ਮੇਰੇ ਸਵਾਮੀ" ਦੇ ਇੱਥੇ ਰਿਬਕਾਹ ਨੇ ਜਿਹੜਾ ਸ਼ਬਦ ਵਰਤਿਆ ਹੈ ਉਹ ਹੈ אֲדֹנִי *(ਅਡੋਨੀ)* ਜੋ ਕਿ ਅਕਸਰ ਇਕ ਵਿਅਕਤੀ ਨੂੰ ਜਿਸ ਦਾ ਕੋਈ ਵਿਅਕਤੀ ਆਦਰ ਕਰਨਾ ਚਾਹੁੰਦਾ ਸੀ ਸੰਬੋਧਿਤ ਕਰਨ ਦੇ ਲਈ ਇਕ ਨਰਮ ਰੂਪ ਵਜੋਂ ਵਰਤਿਆ ਜਾਂਦਾ ਸੀ।[9] ਇਸ ਸੰਦਰਭ ਵਿਚ, ਇਹ ਪੰਜਾਬੀ ਦੇ ਸ਼ਬਦ "ਸ਼੍ਰੀਮਾਨ" ਦੇ ਬਰਾਬਰ ਹੋਵੇਗਾ।[10] ਇਸ ਥੱਕੇ ਅਤੇ ਪਿਆਸੇ ਨੌਕਰ ਦੇ ਕਿਰਪਾਲੂ ਜਵਾਬ ਦਿੰਦੇ ਸਾਰ, **ਉਸ ਸ਼ਤਾਬੀ ਨਾਲ ਆਪਣਾ ਘੜਾ ਹੱਥਾਂ ਉੱਤੇ ਕਰਕੇ ਕੋਡਾ ਕੀਤਾ ਅਰ ਉਸ ਨੂੰ ਪਿਲਾਇਆ**।

**ਆਇਤ 19.** ਨੌਕਰ ਨੇ ਸਿਰਫ ਉਸ ਨੂੰ ਪਾਣੀ ਪਿਲਾਉਣ ਦੀ ਹੀ ਬੇਨਤੀ ਨਹੀਂ ਸੀ ਕੀਤੀ; ਇਸ ਲਈ ਜਦੋਂ ਲਿਖਤ ਕਹਿੰਦੀ ਹੈ ਕਿ **ਜਦ ਉਹ ਉਸ ਨੂੰ ਪਾਣੀ ਪਿਲਾ ਚੁੱਕੀ**, ਦੁਬਿਧਾ ਵੱਧ ਗਈ। ਕੀ ਉਹ ਹੋਰ ਵੀ ਪਾਣੀ ਪਿਲਾਵੇਗੀ? ਛੋਕਰੀ ਨੇ ਆਪ ਕਿਹਾ, **ਮੈਂ ਤੁਹਾਡੇ ਊਠਾਂ ਲਈ ਵੀ ਪਾਣੀ ਭਰਾਂਗੀ ਜਦ ਤੀਕਰ ਓਹ ਪੀ ਨਾ ਚੁੱਕਣ**। ਜਵਾਨ ਛੋਕਰੀ ਦੁਆਰਾ ਪਰਾਹੁਣਚਾਰੀ ਦੀ ਇਸ ਦਰਿਆ-ਦਿਲ ਪੇਸ਼ਕਸ਼ ਦੀ ਹੱਦ ਅਣਸੁਣੀ ਹੋਵੇਗੀ, ਖਾਸ ਕਰਕੇ ਇਸ ਲਈ ਕਿਉਂਕਿ ਉਹ ਇਕ ਅਜਨਬੀ ਸੀ ਅਤੇ ਇਸ ਨੂੰ ਪੂਰਾ ਕਰਨ ਦੇ ਲਈ ਬਹੁਤ ਜ਼ਿਆਦਾ ਸਮੇਂ ਅਤੇ ਜਤਨ ਦੀ ਲੋੜ ਸੀ (24:14 ਤੇ ਟਿੱਪਣੀਆਂ ਵੇਖੋ)।

**ਆਇਤ 20.** ਉਹ ਆਪਣੀ ਪੇਸ਼ਕਸ਼ ਬਾਰੇ ਸੱਚੀ ਸੀ। ਜਦੋਂ **ਉਸ ਸ਼ਤਾਬੀ ਨਾਲ ਆਪਣਾ ਘੜਾ ਹੌਦ ਵਿੱਚ ਡੋਹਲ ਦਿੱਤਾ**, ਉਹ **ਉਹ ਦੇ ਸਾਰਿਆਂ ਊਠਾਂ ਲਈ ਫੇਰ ਖੂਹ ਵਿੱਚੋਂ ਪਾਣੀ ਭਰਨ ਨੂੰ ਨੱਠਕੇ ਗਈ**। ਉਸ ਦੇ ਪਰਾਹੁਣਚਾਰੀ ਵਾਲੇ ਜਵਾਬ ਦਾ ਉਤਸ਼ਾਹ ਪਾਠਕ ਨੂੰ ਇਹ ਚੇਤੇ

ਕਰਾਉਂਦਾ ਹੈ ਕਿ ਅਬਰਾਹਾਮ ਉਨ੍ਹਾਂ ਤਿੰਨ ਮਨੁੱਖਾਂ ਨੂੰ ਜਿਹੜੇ ਮਮਰੇ ਵਿਚ ਉਸ ਨੂੰ ਮਿਲਣ ਦੇ ਲਈ ਆਏ ਸਨ ਮਿਲਣ ਅਤੇ ਵਧੀਆ ਭੋਜਨ ਕਰਵਾਉਣ ਦੇ ਲਈ ਇੱਧਰ-ਉੱਧਰ ਕਿਵੇਂ ਭੱਜਾ ਫਿਰਦਾ ਸੀ (18:1-8)।

**ਆਇਤ 21.** ਨੌਕਰ **ਚੁੱਪ ਕਰਕੇ** ਉਸ ਨੂੰ ਵੇਖਦਾ ਰਿਹਾ, ਇਹ ਸੋਹਣੀ ਕੁਆਰੀ ਨੂੰ ਵੇਖ ਕੇ ਹੈਰਾਨ ਸੀ ਜਿਹੜੀ ਇਕ ਬਜ਼ੁਰਗ ਅਜਨਬੀ ਦੇ ਊਠਾਂ ਨੂੰ ਪਾਣੀ ਪਿਲਾਉਣ ਦੇ ਲਈ ਆਪਣੀ ਊਰਜਾ ਨੂੰ ਖਰਚ ਕਰਨ ਦੇ ਲਈ ਤਿਆਰ ਸੀ। ਉਸ ਨੇ ਸਿਰਫ ਆਪਣੇ ਲਈ "ਥੋੜਾ ਜਿਹਾ ਪਾਣੀ" ਮੰਗਿਆ ਸੀ (24:17), ਪਰ ਉਹ ਤਦ ਤਕ ਚਸ਼ਮੇ ਵਿੱਚੋਂ ਪਾਣੀ ਕੱਢਦੀ ਰਹੀ ਜਦੋਂ ਤੱਕ ਉਸ ਦੇ ਸਾਰੇ ਊਠ ਪਾਣੀ ਪੀ ਕੇ ਰੱਜ ਨਹੀਂ ਗਏ। ਜਦੋਂ ਉਹ ਉਸ ਨੂੰ ਵੇਖ ਰਿਹਾ ਸੀ, ਉਹ ਇਹੀ ਸੋਚ ਰਿਹਾ ਸੀ ਕਿ ਇਹ **ਯਹੋਵਾਹ** ਦਾ ਕੰਮ **ਹੈ ਕਿ ਨਹੀਂ**। ਉਹ ਇਹ ਵੇਖਣ ਦੇ ਲਈ ਉਤਸੁਕ ਸੀ ਕਿ ਪਰਮੇਸ਼ੁਰ ਨੇ **ਉਸ ਦੇ ਸਫਰ ਨੂੰ ਸੁਫਲ ਕੀਤਾ ਹੈ ਕਿ ਨਹੀਂ**।

**ਆਇਤ 22.** ਜਦ ਕਿ ਨੌਕਰ ਉਡੀਕ ਕਰ ਰਿਹਾ ਸੀ ਅਤੇ ਇਸ ਸ਼ਾਨਦਾਰ ਇਸ ਅਸਧਾਰਣ ਜੁਆਨ ਛੋਕਰੀ ਬਾਰੇ ਹੈਰਾਨ ਸੀ, **ਊਠ ਪੀ ਚੁੱਕੇ**। ਇਸ ਲਈ, **ਮਨੁੱਖ ਨੇ ਅੱਧੇ ਤੋਲੇ ਸੋਨੇ ਦੀ ਇੱਕ ਨੱਥ ਅਰ ਦਸ ਤੋਲੇ ਸੋਨੇ ਦੇ ਦੋ ਕੜੇ ਉਹਦੇ ਹੱਥਾਂ ਲਈ ਕੱਢੇ** ਅਤੇ ਉਸ ਦਯਾ ਦੀ ਪ੍ਰਸ਼ੰਸਾ ਵਿਚ ਉਸ ਨੂੰ ਦਿੱਤੇ ਜੋ ਉਸ ਨੇ ਉਹ ਨੂੰ ਅਤੇ ਉਸ ਦੇ ਊਠਾਂ ਨੂੰ ਵਿਖਾਈ ਸੀ। ਅੱਧੇ ਤੋਲੇ ਜਾਂ ਤੋਲੇ ਦੇ ਪ੍ਰਾਚੀਨ ਮੁੱਲ ਨੂੰ ਕਿਸੇ ਨਿਸ਼ਚਤ ਮਾਤਰਾ ਵਿਚ ਨਿਰਧਾਰਤ ਨਹੀਂ ਕੀਤਾ ਜਾ ਸਕਦਾ; ਫਿਰ ਵੀ, ਸੋਨੇ ਦੇ ਗਹਿਣਿਆਂ ਦੇ ਉਸ ਦੇ ਤੋਹਫ਼ੇ ਉਸ ਨੂੰ ਵਿਖਾਏ ਉਸ ਦੀ ਉਦਾਰਤਾ ਅਤੇ ਪਰਾਣਹੁਚਾਰੀ ਤੋਂ ਕਿਤੇ ਵੱਧ ਕੇ ਸਨ। "ਸੋਨੇ ਦੀ ਅੰਗੂਠੀ" (נֶזֶם, *ਨੇਜ਼ੇਮ*) ਲਈ ਜਿਹੜਾ ਸ਼ਬਦ ਵਰਤਿਆ ਗਿਆ ਹੈ ਉਸ ਦਾ ਅਰਥ ਜਾਂ ਤਾਂ ਸੋਨੇ ਦੀਆਂ ਬਾਲੀਆਂ (35:4; ਕੂਚ 32:2, 3) ਜਾਂ ਨੱਥ (ਕਹਾਉਤਾਂ 11:22; ਯਸਾਯਾਹ 3:21) ਹੋ ਸਕਦਾ ਹੈ; ਪਰ ਇਹ ਨੱਥ ਹੀ ਹੋਵੇਗੀ ਕਿਉਂਕਿ ਬਾਅਦ ਵਿਚ ਨੌਕਰ ਨੇ ਆਖਿਆ ਸੀ ਕਿ ਮੈਂ "ਉਸ ਦੇ ਨੱਕ ਵਿੱਚ ਨੱਥ" ਪਾ ਦਿੱਤੀ (24:47)।

**ਆਇਤ 23.** ਨੌਕਰ ਨੇ ਇਸ ਮਦਦਗਾਰ ਜੁਆਨ ਇਸਤਰੀ ਨੂੰ ਆਪਣੇ ਮਿਸ਼ਨ ਬਾਰੇ ਦੱਸਣ ਤੋਂ ਆਪਣੇ ਆਪ ਨੂੰ ਰੋਕ ਲਿਆ, ਹਾਲਾਂਕਿ ਉਸ ਨੇ ਉਸ ਜੁਆਨ ਛੋਕਰੀ ਨੂੰ ਉਨ੍ਹਾਂ ਦੋਵਾਂ ਚਿੰਨ੍ਹਾਂ ਨੂੰ ਪੂਰਾ ਕਰਦੇ ਵੇਖਿਆ ਸੀ ਜਿਸ ਲਈ ਉਸ ਨੇ ਬੇਨਤੀ ਕੀਤੀ ਸੀ। ਉਸ ਨੂੰ ਯਾਦ ਆਇਆ ਕਿ ਉਸ ਦੇ ਸਵਾਮੀ ਨੇ ਉਸ ਨੂੰ ਅਬਰਾਹਾਮ ਦੇ ਆਪਣੇ ਪਰਿਵਾਰ ਵਿੱਚੋਂ ਇਸਹਾਕ ਦੇ ਲਈ ਪਤਨੀ ਲੱਭਣ ਦੀ ਜ਼ਿੰਮੇਵਾਰੀ ਦਿੱਤੀ ਸੀ। ਇਸ ਲਈ, ਉਸ ਨੇ ਇਹ ਕਹਿੰਦੇ ਹੋਏ ਉਸ ਦੇ ਵੰਸ਼ ਬਾਰੇ ਪੁੱਛਗਿੱਛ ਕੀਤੀ ਕਿ **ਤੂੰ ਕਿਹਦੀ ਪੁੱਤ੍ਰੀ ਹੈਂ?** ਇਸ ਤੋਂ ਇਲਾਵਾ, ਉਸ ਨੇ ਉਹ ਨੂੰ ਇਹ ਸਵਾਲ ਕੀਤਾ ਕਿ **ਤੇਰੇ ਪਿਤਾ ਦੇ ਘਰ ਵਿੱਚ ਸਾਡੇ ਲਈ ਅੱਜ ਰਾਤ ਰਹਿਣ ਦੀ ਥਾਂ ਹੈ**?

**ਆਇਤ 24.** ਉਸ ਨੇ ਪਹਿਲਾਂ ਆਪਣੇ ਪਿਤਾ ਦਾ ਨਾਂ ਦੱਸਦੇ ਹੋਏ ਉਹ ਨੂੰ ਉੱਤਰ ਦਿੱਤਾ: **ਮੈਂ ਬਥੂਏਲ ਦੀ ਧੀ ਹਾਂ**। ਬਥੂਏਲ ਇਸ ਬਿਰਤਾਂਤ ਵਿਚ ਇਕ ਛੋਟਾ ਜਿਹਾ ਕਿਰਦਾਰ ਹੈ, ਉਸ ਦਾ ਇਨ੍ਹਾਂ ਘਟਨਾਵਾਂ ਨਾਲ ਕੋਈ ਜ਼ਿਆਦਾ ਲੈਣਾ-ਦੇਣਾ ਨਹੀਂ ਹੈ। ਪੂਰੀ ਵਾਰਤਾ ਵਿਚ ਉਸ ਨੇ ਸਿਰਫ ਇਕ ਵਾਰ ਗੱਲ ਕੀਤੀ ਸੀ। ਆਪਣੇ ਪਿਤਾ ਦੇ ਨਾਮ ਦੇ ਹੋਰਨਾਂ ਮਨੁੱਖਾਂ ਨਾਲੋਂ ਅਲੱਗ ਦਰਸਾਉਣ ਦੇ ਲਈ, ਉਸ ਨੇ ਆਖਿਆ ਕਿ **ਬਥੂਏਲ ਜਿਸ ਨੂੰ ਮਿਲਕਾਹ ਨੇ ਨਾਹੋਰ ਤੋਂ ਜਣਿਆ**। ਇਹ ਪਹਿਚਾਣ ਦਾ ਸਭ ਤੋਂ ਮਹੱਤਵਪੂਰਣ ਪਹਿਲੂ ਹੈ ਕਿਉਂਕਿ ਉਸ ਨੇ ਦੱਸਿਆ ਕਿ ਉਹ ਮਿਲਕਾਹ ਅਤੇ ਨਾਹੋਰ (ਅਬਰਾਹਾਮ ਦੇ ਭਰਾ) ਦੀ ਪੋਤਰੀ ਸੀ।

**ਆਇਤ 25.** ਇਹ ਦੱਸਣ ਤੋਂ ਬਾਅਦ ਅਤੇ ਆਪਣੇ ਚਰਿੱਤਰ ਦੇ ਪ੍ਰਤੀ ਸੱਚੀ ਬਣ ਕੇ ਜੋ ਉਸ ਨੇ ਪਹਿਲਾਂ ਤੋਂ ਹੀ ਵਿਖਾ ਦਿੱਤਾ ਸੀ, ਰਿਬਕਾਹ ਨੇ ਬੜੇ ਉਤਸ਼ਾਹ ਨਾਲ ਇਕ ਹੋਰ ਦਰਿਆ-ਦਿਲ ਪੇਸ਼ਕਸ਼ ਕੀਤੀ। ਆਪਣੇ ਪਿਤਾ ਨੂੰ ਪੁੱਛੇ ਬਿਨਾਂ, ਉਸ ਨੇ ਇਨ੍ਹਾਂ ਅਜਨਬੀਆਂ ਦਾ ਆਪਣੇ ਘਰ ਵਿਚ ਰਹਿਣ ਦੇ ਲਈ ਸੁਆਗਤ ਕੀਤਾ, ਜੋ ਇਸ ਗੱਲ ਨੂੰ ਵਿਖਾਉਂਦਾ ਹੈ ਕਿ ਉਸ ਦੇ ਪਰਿਵਾਰ ਕੋਲ ਉਨ੍ਹਾਂ ਦੇ ਊਠਾਂ ਲਈ **ਬਥੇਰਾ ਪੱਠਾ ਦੱਥਾ** ਅਤੇ ਰਾਤ **ਰਹਿਣ ਨੂੰ ਥਾਂ** ਵੀ ਸੀ।

**ਆਇਤ 26.** ਚਸ਼ਮੇ ਉੱਤੇ ਨੌਕਰ ਦਾ ਪਹਿਲਾ ਕਾਰਜ ਯਹੋਵਾਹ ਦਾ ਮਾਰਗ-ਦਰਸ਼ਨ ਪਾਉਣ ਅਤੇ ਇਸਹਾਕ ਦੇ ਲਈ ਇਕ ਸਹੀ ਜੁਆਨ ਇਸਤਰੀ ਲੱਭਣ ਵਿਚ ਸਫਲਤਾ ਪਾਉਣ ਦੇ ਲਈ ਕੀਤੀ ਗਈ ਉਸ ਦੀ ਪ੍ਰਾਰਥਨਾ ਸੀ। ਹੁਣ ਜਦ ਕਿ ਉਸ ਦੀ ਮੁਲਾਕਾਤ ਰਿਬਕਾਹ ਨਾਲ ਹੋ ਗਈ ਸੀ ਅਤੇ ਉਹ ਜਾਣ ਗਿਆ ਸੀ ਕਿ ਉਹ ਚਰਿੱਤਰ ਅਤੇ ਵੰਸ਼ ਦੀਆਂ ਸਾਰੀਆਂ ਯੋਗਤਾਵਾਂ ਨੂੰ ਪੂਰੀ ਕਰਦੀ ਸੀ ਜੋ ਅਬਰਾਹਾਮ ਚਾਹੁੰਦਾ ਸੀ, ਉਹ ਹੁਣ ਆਪਣੇ ਆਪ ਨੂੰ ਨਹੀਂ ਰੋਕ ਸਕਿਆ, ਉਸ ਨੇ **ਸੀਸ ਝੁਕਾਇਆ** ਅਤੇ **ਯਹੋਵਾਹ ਨੂੰ ਮੱਥਾ ਟੇਕਿਆ**।

**ਆਇਤ 27.** ਜਦੋਂ ਨੌਕਰ ਨੇ ਪਰਮੇਸ਼ੁਰ ਦੇ ਅੱਗੇ ਪ੍ਰਾਰਥਨਾ ਕੀਤੀ, ਉਸ ਨੇ ਆਖਿਆ, **ਯਹੋਵਾਹ ਮੇਰੇ ਸਵਾਮੀ ਅਬਰਾਹਾਮ ਦਾ ਪਰਮੇਸ਼ੁਰ ਮੁਬਾਰਕ ਹੋਵੇ ਜਿਸ ਮੇਰੇ ਸਵਾਮੀ ਅਬਰਾਹਾਮ ਤੋਂ ਆਪਣੀ ਕਿਰਪਾ ਅਰ ਆਪਣੀ ਸਚਿਆਈ ਨੂੰ ਨਹੀਂ ਮੋੜਿਆ ਅਰ ਮੈਂ ਰਾਹ ਵਿੱਚ ਹੀ ਸਾਂ ਕਿ ਯਹੋਵਾਹ ਨੇ ਮੈਨੂੰ ਮੇਰੇ ਸਵਾਮੀ ਦੇ ਭਰਾਵਾਂ ਦੇ ਘਰ ਦੇ ਰਾਹ ਪਾਇਆ**। ਪਹਿਲੀ ਨਜ਼ਰ ਵਿਚ, "ਮੇਰੇ ਸਵਾਮੀ ਦੇ ਭਰਾਵਾਂ" ਵਾਕ ਕੁਝ ਹੱਦ ਤੱਕ ਪੇਚੀਦਾ ਸੀ, ਕਿਉਂਕਿ ਨਾ ਤਾਂ ਬਥੂਏਲ ਨਾ ਹੀ ਲਾਬਾਨ (ਰਿਬਕਾਹ ਦਾ ਭਰਾ) ਅਬਰਾਹਾਮ ਦਾ ਭਰਾ ਸੀ। ਬਥੂਏਲ ਅਸਲ ਵਿਚ ਉਸ ਦਾ ਭਤੀਜਾ ਸੀ, ਜਦ ਕਿ ਲਾਬਾਨ ਉਸ ਦੇ ਭਤੀਜੇ ਦਾ ਪੁੱਤਰ ਸੀ। ਇਹ ਇਸ ਗੱਲ ਦਾ ਇਕ ਹੋਰ ਉਦਾਹਰਣ ਹੈ ਕਿ "ਭਰਾ" (אָח, *ਏਚ*) ਲਈ ਜਿਹੜਾ ਇਬਰਾਨੀ ਸ਼ਬਦ ਵਰਤਿਆ ਗਿਆ ਹੈ ਉਸ ਦਾ ਇਕ "ਖ਼ੂਨ ਦੇ ਰਿਸ਼ਤੇ ਵਾਲੇ ਭਰਾ" ਨਾਲੋਂ ਅਕਸਰ ਇਕ ਵਿਸਤ੍ਰਿਤ ਅਰਥ ਹੋ ਸਕਦਾ ਹੈ (13:8 ਤੇ ਟਿੱਪਣੀਆਂ ਵੇਖੋ)। ਇੱਥੇ ਇਸ ਦਾ ਅਰਥ ਸਿਰਫ "ਭਰਾਵਾਂ" (ESV) ਜਾਂ "ਰਿਸ਼ਤੇਦਾਰਾਂ" (NIV) ਹੈ।

## ਰਿਬਕਾਹ ਦੇ ਪਰਿਵਾਰ ਦੀ ਪ੍ਰਤੀਕਿਰਿਆ (24:28-33)

**28ਤਾਂ ਉਹ ਛੋਕਰੀ ਆਪਣੀ ਮਾਤਾ ਦੇ ਘਰ ਨੂੰ ਨੱਠਕੇ ਆਈ ਅਤੇ ਸਾਰੀਆਂ ਗੱਲਾਂ ਦੱਸੀਆਂ।**
**29ਰਿਬਕਾਹ ਦਾ ਇੱਕ ਭਰਾ ਸੀ ਜਿਸ ਦਾ ਨਾਉਂ ਲਾਬਾਨ ਸੀ ਅਤੇ ਲਾਬਾਨ ਬਾਹਰ ਨੂੰ ਉਸ**
**ਮਨੁੱਖ ਦੇ ਕੋਲ ਚਸ਼ਮੇ ਉੱਤੇ ਦੌੜਕੇ ਗਿਆ। 30ਤਾਂ ਐਉਂ ਹੋਇਆ ਜਦ ਉਸ ਨੇ ਨੱਥ ਅਰ ਆਪਣੀ**
**ਭੈਣ ਦੇ ਹੱਥਾਂ ਵਿੱਚ ਕੜੇ ਡਿੱਠੇ ਅਰ ਜਦ ਆਪਣੀ ਭੈਣ ਰਿਬਕਾਹ ਤੋਂ ਗੱਲਾਂ ਸੁਣੀਆਂ ਜਿਹੜੀ**
**ਕਹਿੰਦੀ ਸੀ ਕਿ ਉਹ ਮਨੁੱਖ ਮੈਨੂੰ ਐਉਂ ਐਉਂ ਬੋਲਿਆ, ਤਾਂ ਉਹ ਉਸ ਮਨੁੱਖ ਕੋਲ ਆਇਆ ਅਰ**
**ਵੇਖੋ ਉਹ ਊਠਾਂ ਦੇ ਕੋਲ ਚਸ਼ਮੇ ਉੱਤੇ ਖੜਾ ਸੀ। 31ਤਾਂ ਉਸ ਆਖਿਆ, ਹੇ ਯਹੋਵਾਹ ਦੇ ਮੁਬਾਰਕ**
**ਆਓ। ਬਾਹਰ ਕਿਉਂ ਖੜੇ ਹੋ? ਮੈਂ ਘਰ ਤਿਆਰ ਕੀਤਾ ਹੈ ਤੇ ਊਠਾਂ ਲਈ ਵੀ ਥਾਂ ਹੈ? 32ਤਾਂ ਉਹ**
**ਮਨੁੱਖ ਘਰ ਵੱਲ ਆਇਆ ਅਰ ਊਠਾਂ ਨੂੰ ਖੋਲ੍ਹਿਆ ਅਰ ਲਾਬਾਨ ਨੇ ਊਠਾ ਨੂੰ ਪੱਠਾ ਦੱਥਾ ਦਿੱਤਾ**
**ਅਰ ਉਸ ਦੇ ਅਰ ਉਸ ਦੇ ਸਾਥੀਆਂ ਦੇ ਚਰਨ ਧੋਣ ਲਈ ਪਾਣੀ ਦਿੱਤਾ। 33ਤਾਂ ਉਸ ਦੇ ਅੱਗੇ**
**ਭੋਜਨ ਰੱਖਿਆ ਗਿਆ ਪਰ ਉਸ ਆਖਿਆ ਜਦ ਤੀਕਰ ਆਪਣੀ ਗੱਲ ਨਾ ਦੱਸ ਲਵਾਂ ਮੈਂ ਨਹੀਂ**
**ਖਾਵਾਂਗਾ, ਤਾਂ ਉਸ ਆਖਿਆ, ਗੱਲ ਕਰੋ।**

**ਆਇਤ 28.** ਰਿਬਕਾਹ **ਆਪਣੀ ਮਾਤਾ ਦੇ ਘਰ ਨੂੰ** ਨੱਠਕੇ ਆਈ ਅਤੇ ਉਨ੍ਹਾਂ ਨੂੰ **ਸਾਰੀਆਂ ਗੱਲਾਂ ਦੱਸੀਆਂ**। ਉਸ ਨੇ ਉਨ੍ਹਾਂ ਨੂੰ ਉਸ ਅਜਨਬੀ ਬਾਰੇ ਸਾਰੀ ਵਾਰਤਾ ਦੱਸੀ ਜਿਸ ਨੇ ਉਸ ਨੂੰ ਸੋਨੇ ਦੇ ਕੜੇ ਅਤੇ ਨੱਥ ਦਿੱਤੀ ਸੀ। "ਆਪਣੀ ਮਾਤਾ ਦੇ ਘਰ ਨੂੰ" ਸੰਦਰਭ ਇਸ ਸਿੱਟੇ ਵੱਲ ਲੈ ਜਾਂਦਾ ਹੈ ਕਿ ਉਹ ਉਸ ਦਾ ਪਿਤਾ ਪਹਿਲਾਂ ਹੀ ਮਰ ਚੁੱਕਾ ਸੀ; ਫਿਰ ਵੀ, ਇਸ ਦਾ ਅਰਥ ਇਹ ਹੋਵੇਗਾ ਕਿ 24:50 ਵਿਚ ਬਥੂਏਲ ਦੇ ਹਵਾਲੇ ਨੂੰ ਲਿਖਤ ਵਿਚ ਬਾਅਦ ਵਿਚ ਜੋੜਿਆ ਗਿਆ ਸੀ। ਇਸ ਦੇ ਉਲਟ, ਲਿਖਤ ਪ੍ਰਮਾਣ ਇੱਥੇ ਬਾਅਦ ਵਿਚ ਲੇਖਕ ਸੰਬੰਧੀ ਗਲਤੀ ਦੇ ਵਿਚਾਰ ਦਾ ਸਮਰਥਨ ਨਹੀਂ ਕਰਦਾ। ਬਜਾਇ ਇਸ ਦੇ, ਭਾਸ਼ਾ ਦੀ ਇਸ ਤੱਥ ਰਾਹੀ ਵਿਆਖਿਆ ਕੀਤੀ ਜਾ ਸਕਦੀ ਹੈ ਕਿ ਛੋਕਰੀ ਦਾ ਸਭ ਤੋਂ ਨਜ਼ਦੀਕੀ ਰਿਸ਼ਤਾ ਆਪਣੀ ਮਾਂ ਨਾਲ ਸੀ (ਰੂਥ 1:8; ਵਿਰਲਾਪ 3:4; 8:2)। ਜਿਵੇਂ-ਜਿਵੇਂ ਇਸ ਵਾਰਤਾ ਦਾ ਭੇਤ ਖੁੱਲ੍ਹਦਾ ਜਾਂਦਾ ਹੈ, ਰਿਬਕਾਹ ਦੇ ਭਵਿੱਖ ਬਾਰੇ ਚਰਚਾ ਵਿਚ ਲਾਬਾਨ ਦੀ ਭੂਮਿਕਾ ਮੁਢਲੀ ਹੋ ਜਾਂਦੀ ਹੈ। ਸ਼ਾਇਦ ਉਸ ਦਾ ਪਿਤਾ ਬੁੱਢਾ ਹੋ ਗਿਆ ਸੀ ਅਤੇ ਉਸ ਨੇ ਸਾਰੀਆਂ ਜ਼ਿੰਮੇਵਾਰੀਆਂ ਆਪਣੇ ਪੁੱਤਰ ਨੂੰ ਸੌਂਪ ਦਿੱਤੀਆਂ ਸਨ।

**ਆਇਤਾਂ 29, 30.** ਲਾਬਾਨ ਬਾਰੇ ਇਸ ਗੱਲ ਨਾਲ ਸ਼ੁਰੂਆਤ ਕਰਦਿਆਂ ਕਿ **ਰਿਬਕਾਹ ਦਾ ਇੱਕ ਭਰਾ ਸੀ**, ਲੇਖਕ ਨੇ ਵਾਧੂ ਜਾਣਕਾਰੀ ਦਿੱਤੀ ਜੋ ਕਿ ਪਹਿਲਾਂ ਨਾਹੋਰ ਅਤੇ ਮਿਲਕਾਹ ਦੀ ਕੁਲਪੱਤਰੀ ਵਿਚ ਨਹੀਂ ਸੀ ਦਿੱਤੀ ਗਈ (ਵੇਖੋ 22:20-24)। ਜਿਸ ਤਰੀਕੇ ਨਾਲ ਉਸ ਨੇ **ਲਾਬਾਨ** ਦੀ ਜਾਣ-ਪਛਾਣ ਕਰਾਈ ਸੀ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਹੀ ਰਿਬਕਾਹ ਆਪਣੇ ਭਰਾ ਨੂੰ ਨੌਕਰ ਬਾਰੇ ਦੱਸਣ ਦੇ ਲਈ ਘਰ ਵਿਚ ਦਾਖਲ ਹੋਈ, ਝੱਟ ਉਸ ਨੇ **ਨੱਥ ਅਰ ਆਪਣੀ ਭੈਣ ਦੇ ਹੱਥਾਂ ਵਿੱਚ ਕੜੇ ਡਿੱਠੇ** ਅਤੇ **ਆਪਣੀ ਭੈਣ ਰਿਬਕਾਹ ਤੋਂ ਗੱਲਾਂ ਸੁਣੀਆਂ** ਜੋ ਉਸ ਨੂੰ **ਉਸ ਮਨੁੱਖ ਨੇ ਕਹੀਆਂ ਸਨ**। ਇਸ ਲਈ, **ਉਹ ਉਸ ਮਨੁੱਖ ਕੋਲ ਆਇਆ** ਜਿਹੜਾ **ਊਠਾਂ ਦੇ ਕੋਲ ਚਸ਼ਮੇ ਉੱਤੇ ਖੜਾ ਸੀ**। ਲਾਬਾਨ ਬਾਰੇ ਅਜਿਹੀ ਜਾਣ-ਪਛਾਣ ਅਜਿਹੇ ਕਿਸੇ ਵਿਚਾਰ ਨੂੰ ਦੂਰ ਕਰਦੀ ਹੈ ਕਿ ਉਸ ਦੇ ਕੰਮ ਉਸ ਦੀ ਭੈਣ ਜਿਹੇ ਸਨ, ਜਿਸ ਦੀ ਪ੍ਰੇਰਣਾ ਸ਼ੁੱਧ ਪਰਾਹੁਣਚਾਰੀ ਸੀ। ਇਸ ਦੇ ਉਲਟ, ਜਦੋਂ ਉਸ ਨੂੰ ਪਤਾ ਲੱਗਾ ਕਿ ਉਸ ਮਨੁੱਖ ਦੇ ਕੋਲ ਇੰਨਾ ਧਨ ਦੌਲਤ ਹੈ ਅਤੇ ਉਸ ਨੇ ਹੋਰਨਾਂ ਮਨੁੱਖਾਂ ਨੂੰ ਵੇਖਿਆ ਜਿਹੜੇ ਦਸ – ਊਠਾਂ ਆਵਾਜਾਈ ਦਾ ਦੁਰਲਭ ਅਤੇ ਸ਼ਾਨਦਾਰ ਸਾਧਨ – ਦੇ ਲਾਗੇ ਖੜੇ ਵੇਖਿਆ ਤਾਂ ਉਸ ਨੂੰ ਲਾਲਚ ਆ ਗਿਆ ਹੋਵੇਗਾ (ਇਕ ਅਜਿਹਾ ਗੁਣ ਜੋ 29-31 ਅਧਿਆਵਾਂ ਵਿਚ ਯਾਕੂਬ ਦੀਆਂ ਵਾਰਤਾਂ ਵਿਚ ਹੋਰ ਵੀ ਜ਼ਿਆਦਾ ਸਪੱਸ਼ਟ ਹੋ ਜਾਂਦਾ ਹੈ)।

**ਆਇਤ 31.** ਸਭ ਤੋਂ ਪਹਿਲਾਂ, ਇਹ ਅਜੀਬ ਪ੍ਰਤੀਤ ਹੁੰਦਾ ਹੈ ਕਿ ਲਾਬਾਨ ਉਸ ਨੌਕਰ ਨੂੰ ਉਸ ਵਿਅਕਤੀ ਵਜੋਂ ਸੰਬੋਧਿਤ ਕਰੇਗਾ ਜਿਹੜਾ **ਯਹੋਵਾਹ ਦਾ ਮੁਬਾਰਕ** ਸੀ, ਕਿਉਂਕਿ ਉਹ ਉਸ ਦੇ ਪਰਮੇਸ਼ੁਰ ਦੇ ਨਾਮ ਨੂੰ ਕਿਵੇਂ ਜਾਣੇਗਾ?[11] ਇਸ ਦਾ ਜਵਾਬ ਇਹ ਹੋ ਸਕਦਾ ਹੈ ਕਿ ਰਿਬਕਾਹ ਨੇ ਆਪਣੇ ਘਰ ਵਾਲਿਆਂ ਨੂੰ ਦੱਸਿਆ ਸੀ ਕਿ ਉਸ ਮਨੁੱਖ ਨੇ "ਯਹੋਵਾਹ" ਉਸ ਪਰਮੇਸ਼ੁਰ ਵਜੋਂ ਉਸਤਤ ਅਤੇ ਬੰਦਗੀ ਕੀਤੀ ਸੀ ਜਿਸ ਨੇ ਉਸ ਨੂੰ ਅਬਰਾਹਾਮ ਦੇ ਭਰਾਵਾਂ ਦੇ ਘਰ ਦੇ ਰਾਹ ਪਾਇਆ ਸੀ (24:26-28)। ਇਸ ਤੋਂ ਇਲਾਵਾ, ਸੋਨੇ ਦੇ ਗਹਿਣੇ ਅਤੇ ਹੋਰਨਾਂ ਚੀਜ਼ਾਂ ਨੂੰ ਜੋ ਦਸ ਊਠਾਂ ਤੇ ਲੱਦੀਆਂ ਹੋਈਆਂ ਸਨ ਵੇਖ ਕੇ ਲਾਬਾਨ ਨੇ ਇਹ ਕਲਪਨਾ ਕੀਤੀ ਸੀ ਕਿ ਇਹ ਧਨ ਦੌਲਤ ਰੱਬੀ ਬਰਕਤ ਦਾ ਇਕ ਚਿੰਨ੍ਹ ਸੀ (ਵੇਖੋ 24:1)। ਇਸ ਲਈ, ਉਸ ਨੇ ਉਸ ਮਨੁੱਖ ਨੂੰ ਮਿੰਨਤ ਕੀਤੀ, **... ਆਓ। ਬਾਹਰ ਕਿਉਂ ਖੜੇ ਹੋ? ਮੈਂ ਘਰ ਤਿਆਰ ਕੀਤਾ ਹੈ ਤੇ ਊਠਾਂ ਲਈ ਵੀ ਥਾਂ ਹੈ?**

**ਆਇਤ 32.** ਉਸ ਦੇ ਸੱਦੇ ਦੇ ਜਵਾਬ ਵਿਚ, **ਉਹ ਮਨੁੱਖ ਘਰ ਵੱਲ ਆਇਆ**। ਬਥੂਏਲ ਇੰਨਾ ਧਨੀ ਹੋਵੇਗਾ ਕਿ ਉਸ ਦੇ ਘਰ ਵਿੱਚ ਉਸ ਦੇ ਆਪਣੇ ਪਰਿਵਾਰ ਦੇ ਨਾਲ-ਨਾਲ ਅਬਰਾਹਾਮ ਦੇ ਨੌਕਰਾਂ ਅਤੇ ਊਠਾਂ ਦੇ ਰਹਿਣ ਦੇ ਲਈ ਵੀ ਕਾਫੀ ਸਾਰੀ ਥਾਂ ਹੋਵੇਗੀ। ਜਾਨਵਰਾਂ ਨੂੰ ਸ਼ਾਇਦ ਘਰ ਦੇ ਉਸ ਹਿੱਸੇ ਵਿਚ ਲਿਜਾਇਆ ਗਿਆ ਜੋ ਕਿ ਇਕ ਖੁਰਲੀ ਜਾਂ ਡਿਉੜੀ ਦਾ ਕੰਮ ਕਰਦਾ ਸੀ।

NASB ਬਾਈਬਲ ਦਾ ਅਨੁਵਾਦ ਕਹਿੰਦਾ ਹੈ ਕਿ **ਲਾਬਾਨ ਨੇ ਊਠਾਂ ਨੂੰ ਖੋਲ੍ਹਿਆ, ਉਨ੍ਹਾਂ ਨੂੰ ਪੱਠਾ ਦੱਥਾ ਦਿੱਤਾ** ਅਤੇ [ਉਨ੍ਹਾਂ ਦੇ] ਸਾਥੀਆਂ ਦੇ **ਚਰਨ ਧੋਣ ਲਈ ਪਾਣੀ** ਦਿੱਤਾ। ਕਿਉਂਕਿ ਇਬਰਾਨੀ ਲਿਖਤ ਵਿਚ ਲਾਬਾਨ ਦਾ ਨਾਮ ਨਹੀਂ ਆਉਂਦਾ, ਕਿਰਿਆਵਾਂ ਦੇ ਵਿਸ਼ੇ ਨੂੰ ਨਿਰਧਾਰਤ ਕਰਨਾ ਮੁਸ਼ਕਲ ਹੈ। ਉਹ ਵਿਅਕਤੀ ਜੋ ਕਿ ਧਨੀ ਸੀ ਉਸ ਦੇ ਲਈ ਖੁਦ ਊਠਾਂ ਨੂੰ ਖੋਲ੍ਹਣਾ ਅਤੇ ਉਨ੍ਹਾਂ ਦੇ ਰਹਿਣ ਦੇ ਲਈ ਸਾਰਾ ਜ਼ਰੂਰੀ ਪ੍ਰਬੰਧ ਕਰਨਾ ਅਤੇ ਇਕ ਅਜਨਬੀ ਅਤੇ ਉਸ ਮਨੁੱਖ ਦੀ ਇਸ ਤਰ੍ਹਾਂ ਪਰਾਹੁਣਚਾਰੀ ਕਰਨਾ ਇਕ ਅਸਧਾਰਣ ਗੱਲ ਹੋਵੇਗੀ। ਲਾਬਾਨ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਦੇ ਲਈ ਇਸ ਤਰ੍ਹਾਂ ਕਰ ਸਕਦਾ ਸੀ, ਇਸ ਆਸ ਵਿਚ ਕਿ ਉਸ ਨੂੰ ਵੀ ਕੁਝ ਮਹਿੰਗੇ ਤੋਹਫ਼ੇ ਮਿਲਣਗੇ; ਜਾਂ ਇਸ ਲਿਖਤ ਦਾ ਸਿਰਫ ਇਹ ਹੋ ਸਕਦਾ ਹੈ ਕਿ "ਉਸ ਨੇ" (ਲਾਬਾਨ) ਆਪਣੇ ਪਰਾਹੁਣਿਆਂ ਦੇ ਲਈ ਸਹੀ ਤਿਆਰੀਆਂ ਕਰਨ ਵਾਸਤੇ ਆਪਣੇ ਨੌਕਰਾਂ[12] ਨੂੰ ਹੁਕਮ ਦੇਣ ਦੁਆਰਾ ਇਹ ਸਭ ਗੱਲਾਂ ਕੀਤੀਆਂ ਸਨ।

**ਆਇਤ 33.** ਮਨੁੱਖਾਂ ਅਤੇ ਜਾਨਵਰਾਂ ਦੇ ਲਈ ਪ੍ਰਬੰਧ ਅਤੇ ਕੁਝ ਰਵਾਇਤੀ ਖੁਸ਼ੀਆਂ ਦੀ ਅਦਲਾ-ਬਦਲੀ ਦੇ ਪੂਰੇ ਹੋਣ ਤੋਂ ਬਾਅਦ, ਹੁਣ ਖਾਣਾ ਖਾਣ ਦਾ ਸਮਾਂ ਆ ਗਿਆ ਜਿਸ ਦੌਰਾਨ ਗੰਭੀਰ ਚਰਚਾ ਸ਼ੁਰੂ ਹੋਣੀ ਸੀ। ਫਿਰ ਵੀ, ਜਿਵੇਂ ਅਬਰਾਹਾਮ ਦਾ ਨੌਕਰ ਪਾਣੀ ਦੇ ਚਸ਼ਮੇ ਤੇ ਬਹੁਤ ਜ਼ਿਆਦਾ ਈਮਾਨਦਾਰ ਰਿਹਾ ਕਿ ਉਸ ਨੇ ਤਦ ਤੱਕ ਪਾਣੀ ਨਹੀਂ ਪੀਤਾ ਜਦੋਂ ਤੱਕ ਉਸ ਨੇ ਜਵਾਨ ਛੋਕਰੀ ਨੂੰ ਨਹੀਂ ਪਰਤਾ ਲਿਆ, ਉਸੇ ਤਰ੍ਹਾਂ ਹੁਣ ਉਸ ਦਾ ਮਿਸ਼ਨ ਉਸ ਦਾ ਮੁਢਲਾ ਕੇਂਦਰ-ਬਿੰਦੂ ਸੀ। **ਜਦੋਂ ਉਸ ਦੇ ਅੱਗੇ ਭੋਜਨ ਰੱਖਿਆ ਗਿਆ**, ਉਸ ਨੇ **ਖਾਣ ਤੋਂ** ਇਨਕਾਰ ਕਰ ਦਿੱਤਾ ਜਦੋਂ ਤੱਕ ਉਸ ਨੇ [ਆਪਣੀ] **ਗੱਲ ਨਹੀਂ ਦੱਸ ਦਿੱਤੀ**। ਕੋਈ ਵੀ ਵਿਅਕਤੀ ਇਸ ਮਨੁੱਖ ਦੇ ਕੰਮ ਦੇ ਪ੍ਰਤੀ ਉਸ ਦੇ ਸਮਪਰਣ ਦੀ ਪ੍ਰਸ਼ੰਸਾ ਕਰਨ ਤੋਂ ਆਪਣੇ ਆਪ ਨੂੰ ਨਹੀਂ ਰੋਕ ਸਕਦਾ! ਇੰਨੇ ਲੰਬੇ ਸਫਰ ਤੋਂ ਬਾਅਦ ਵੀ, ਉਸ ਨੂੰ ਆਪਣੀ ਭੁੱਖ ਨੂੰ ਮਿਟਾਉਣ ਤੋਂ ਵੱਧ ਚਿੰਤਾ ਆਪਣੇ ਸਵਾਮੀ ਦੁਆਰਾ ਦਿੱਤੀ ਗਈ ਜ਼ਿੰਮੇਵਾਰੀ ਨੂੰ ਨਿਭਾਉਣ ਦੀ ਸੀ। ਇਸ ਲਈ, ਲਾਬਾਨ ਨੇ ਆਖਿਆ, **ਗੱਲ ਕਰੋ**।

## ਸੇਵਕ ਦਾ ਵਾਰਤਾ ਸੁਣਾਉਣਾ (24:34-49)

**34ਫੇਰ ਉਸ ਆਖਿਆ, ਮੈਂ ਅਬਰਾਹਾਮ ਦਾ ਨੌਕਰ ਹਾਂ। 35ਅਰ ਯਹੋਵਾਹ ਨੇ ਮੇਰੇ ਸਵਾਮੀ ਨੂੰ**
**ਵੱਡੀ ਬਰਕਤ ਦਿੱਤੀ ਹੈ ਅਰ ਉਹ ਨੂੰ ਵੱਡਾ ਆਦਮੀ ਬਣਾ ਦਿੱਤਾ ਹੈ ਅਤੇ ਉਸ ਨੇ ਉਹ ਨੂੰ ਭੇਡਾਂ**
**ਅਰ ਗਾਈਆਂ ਬਲਦ ਅਰ ਸੋਨਾ ਚਾਂਦੀ ਅਰ ਗੋੱਲੇ ਗੋੱਲੀਆਂ ਅਰ ਊਠ ਅਰ ਗਧੇ ਦਿੱਤੇ ਹਨ।**
**36ਅਤੇ ਮੇਰੇ ਸਵਾਮੀ ਦੀ ਪਤਨੀ ਸਾਰਾਹ ਨੇ ਆਪਣੇ ਬਿਰਧਪੁਣੇ ਵਿੱਚ ਮੇਰੇ ਸਵਾਮੀ ਲਈ ਇੱਕ**
**ਪੁੱਤ੍ਰ ਜਣਿਆ ਅਰ ਉਸ ਆਪਣਾ ਸਭ ਕੁਝ ਉਸ ਨੂੰ ਦੇ ਦਿੱਤਾ। 37ਮੇਰੇ ਸਵਾਮੀ ਨੇ ਮੈਥੋਂ ਏਹ ਸੌਂਹ**
**ਅਖਵਾਈ ਹੈ ਕਿ ਤੂੰ ਮੇਰੇ ਪੁੱਤ੍ਰ ਲਈ ਇਨ੍ਹਾਂ ਕਨਾਨੀਆਂ ਦੀਆਂ ਧੀਆਂ ਵਿੱਚੋਂ ਜਿਨ੍ਹਾਂ ਦੇ ਦੇਸ ਵਿੱਚ**
**ਮੈਂ ਵੱਸਦਾ ਹਾਂ ਤੀਵੀਂ ਨਾ ਲਿਆਵੀਂ। 38ਸਗੋਂ ਮੇਰੇ ਪਿਤਾ ਦੇ ਘਰ ਅਰ ਮੇਰੇ ਕੁਨਬੇ ਵਿੱਚ ਜਾਵੀਂ**

**ਅਰ ਮੇਰੇ ਪੁੱਤ੍ਰ ਲਈ ਤੀਵੀਂ ਲਿਆਵੀਂ। [39]ਤਾਂ ਮੈਂ ਆਪਣੇ ਸਵਾਮੀ ਨੂੰ ਆਖਿਆ ਕਿ ਸ਼ਾਇਤ ਉਹ
ਤੀਵੀਂ ਮੇਰੇ ਪਿੱਛੇ ਨਾ ਆਵੇ। [40]ਉਸ ਮੈਨੂੰ ਆਖਿਆ, ਯਹੋਵਾਹ ਜਿਹਦੇ ਸਨਮੁਖ ਮੈਂ ਚੱਲਦਾ ਹਾਂ
ਆਪਣਾ ਦੂਤ ਤੇਰੇ ਨਾਲ ਘੱਲੇਗਾ ਅਰ ਉਹ ਤੇਰੇ ਰਾਹ ਨੂੰ ਸੁਫਲ ਕਰੇਗਾ ਅਰ ਤੂੰ ਮੇਰੇ ਕੁਨਬੇ ਤੋਂ
ਮੇਰੇ ਪਿਤਾ ਦੇ ਘਰੋਂ ਮੇਰੇ ਪੁੱਤ੍ਰ ਲਈ ਤੀਵੀਂ ਲਿਆਵੀਂ। [41]ਤਦ ਤੂੰ ਮੇਰੀ ਸੌਂਹ ਤੋਂ ਛੁੱਟੇਂਗਾ ਜਦ ਤੂੰ
ਮੇਰੇ ਕੁਨਬੇ ਵਿੱਚ ਜਾਵੇਂਗਾ ਅਰ ਜੇ ਓਹ ਤੈਨੂੰ ਨਾ ਦੇਣ ਤਾਂ ਤੂੰ ਮੇਰੀ ਸੌਂਹ ਤੋਂ ਬਰੀ ਹੋਇਆ। [42]ਮੈਂ
ਅੱਜ ਦੇ ਦਿਨ ਚਸ਼ਮੇ ਉੱਤੇ ਆਇਆ ਹਾਂ ਅਰ ਮੈਂ ਆਖਿਆ, ਹੇ ਯਹੋਵਾਹ ਮੇਰੇ ਸਵਾਮੀ
ਅਬਰਾਹਾਮ ਦੇ ਪਰਮੇਸ਼ੁਰ ਜੇ ਤੂੰ ਮੇਰੇ ਰਾਹ ਜਿਸ ਵਿੱਚ ਮੈਂ ਜਾਂਦਾ ਹਾਂ ਸੁਫਲ ਕਰੇਂ; [43]ਵੇਖ ਮੈਂ
ਪਾਣੀ ਦੇ ਚਸ਼ਮੇ ਉੱਤੇ ਖੜਾ ਹਾਂ ਤਾਂ ਐਉਂ ਹੋਵੇ ਕਿ ਜਿਹੜੀ ਕੁਆਰੀ ਭਰਨ ਲਈ ਬਾਹਰ ਆਵੇ
ਅਰ ਮੈਂ ਉਹ ਨੂੰ ਆਖਾਂ ਭਈ ਮੈਨੂੰ ਆਪਣੇ ਘੜੇ ਤੋਂ ਪਾਣੀ ਪਿਲਾਈਂ ਤਾਂ ਉਹ ਮੈਨੂੰ ਆਖੇ, [44]ਪੀ
ਲਓ ਤੇ ਮੈਂ ਤੁਹਾਡੇ ਊਠਾਂ ਲਈ ਵੀ ਭਰਾਂਗੀ; ਉਹ ਓਹੋ ਤੀਵੀਂ ਹੋਵੇ ਜਿਸ ਨੂੰ ਯਹੋਵਾਹ ਨੇ ਮੇਰੇ
ਸਵਾਮੀ ਦੇ ਪੁੱਤ੍ਰ ਲਈ ਠਹਿਰਾਇਆ ਹੈ। [45]ਮੈਂ ਆਪਣੇ ਦਿਲ ਵਿੱਚ ਆਖਦਾ ਹੀ ਸੀ ਤਾਂ ਵੇਖੋ
ਰਿਬਕਾਹ ਆਪਣਾ ਘੜਾ ਮੋਢੇ ਉੱਤੇ ਚੁੱਕਕੇ ਬਾਹਰ ਆਈ ਅਤੇ ਉਹ ਚਸ਼ਮੇ ਵਿੱਚ ਉੱਤਰੀ ਅਰ
ਭਰਿਆ ਤਾਂ ਮੈਂ ਉਸ ਨੂੰ ਆਖਿਆ, ਮੈਨੂੰ ਪਿਲਾਈਂ। [46]ਤਦ ਉਸ ਸ਼ਤਾਬੀ ਨਾਲ ਆਪਣਾ ਘੜਾ
ਲਾਹਕੇ ਆਖਿਆ, ਪੀਓ ਜੀ ਅਰ ਮੈਂ ਤੁਹਾਡੇ ਊਠਾਂ ਨੂੰ ਵੀ ਪਿਲਾਵਾਂਗੀ, ਤਾਂ ਮੈਂ ਪੀਤਾ ਅਰ ਉਸ
ਮੇਰੇ ਊਠਾਂ ਨੂੰ ਵੀ ਪਿਲਾਇਆ। [47]ਫੇਰ ਮੈਂ ਉਸ ਤੋਂ ਪੁੱਛਿਆ, ਤੂੰ ਕਿਹਦੀ ਪੁੱਤ੍ਰੀ ਹੈਂ? ਤਾਂ ਉਸ
ਆਖਿਆ, ਮੈਂ ਬਥੂਏਲ ਦੀ ਧੀ ਹਾਂ ਜਿਸ ਨੂੰ ਮਿਲਕਾਹ ਨੇ ਨਾਹੋਰ ਲਈ ਜਣਿਆ। ਤਾਂ ਮੈਂ ਉਸ ਦੇ
ਨੱਕ ਵਿੱਚ ਨੱਥ ਅਰ ਹੱਥਾਂ ਵਿੱਚ ਕੜੇ ਪਾ ਦਿੱਤੇ। [48]ਅਤੇ ਮੈਂ ਆਪਣਾ ਸੀਸ ਝੁਕਾਕੇ ਯਹੋਵਾਹ
ਅੱਗੇ ਮੱਥਾ ਟੇਕਿਆ ਅਰ ਮੈਂ ਯਹੋਵਾਹ ਆਪਣੇ ਸਵਾਮੀ ਅਬਰਾਹਾਮ ਦੇ ਪਰਮੇਸ਼ੁਰ ਨੂੰ ਧੰਨ
ਆਖਿਆ ਜਿਸ ਮੈਨੂੰ ਸਚਿਆਈ ਦੇ ਰਸਤੇ ਪਾਇਆ ਤਾਂ ਜੋ ਮੈਂ ਆਪਣੇ ਸਵਾਮੀ ਦੇ ਭਰਾ ਦੀ ਪੁੱਤ੍ਰੀ
ਉਸ ਦੇ ਪੁੱਤ੍ਰ ਵਾਸਤੇ ਲਵਾਂ। [49]ਹੁਣ ਜੇਕਰ ਤੁਸੀਂ ਮੇਰੇ ਸਵਾਮੀ ਦੇ ਨਾਲ ਦਯਾ ਅਰ ਸਚਿਆਈ
ਦਾ ਸਲੂਕ ਕਰਨਾ ਹੈ ਤਾਂ ਮੈਨੂੰ ਦੱਸੋ ਅਰ ਜੇਕਰ ਨਹੀਂ ਤਾਂ ਵੀ ਮੈਨੂੰ ਦੱਸੋ ਤਾਂ ਜੋ ਮੈਂ ਸੱਜੇ ਅਥਵਾ
ਖੱਬੇ ਪਾਸੇ ਵੱਲ ਮੁੜਾਂ।**

**ਆਇਤ 34.** ਰਿਬਕਾਹ ਦੇ ਪਰਿਵਾਰ ਨੂੰ ਹਾਲੇ ਤੱਕ ਵੀ ਨਹੀਂ ਸੀ ਪਤਾ ਕਿ ਇਹ ਅਜਨਬੀ ਕੌਣ ਸੀ, ਇਸ ਲਈ ਉਸ ਨੇ ਇਹ ਕਹਿੰਦੇ ਹੋਏ ਆਪਣੀ ਜਾਣ-ਪਛਾਣ ਕਰਵਾਈ ਕਿ **ਮੈਂ ਅਬਰਾਹਾਮ ਦਾ ਨੌਕਰ ਹਾਂ**। ਇਸ ਤਰ੍ਹਾਂ ਆਪਣੀ ਗੱਲ ਦੀ ਸ਼ੁਰੂਆਤ ਕਰਕੇ, ਉਹ ਉਨ੍ਹਾਂ ਨੂੰ ਇਹ ਸਮਝਾਉਣਾ ਚਾਹੁੰਦਾ ਸੀ ਕਿ ਉਹ ਧਨ ਦੌਲਤ ਜੋ ਉਹ ਆਪਣੇ ਨਾਲ ਲਿਆਇਆ ਸੀ ਉਸ ਦਾ ਆਪਣਾ ਨਹੀਂ ਸੀ, ਇਹ ਅਬਰਾਹਾਮ ਦਾ ਸੀ।

**ਆਇਤ 35.** ਉਹ ਉਨ੍ਹਾਂ ਨੂੰ ਇਹ ਵੀ ਦੱਸਣਾ ਚਾਹੁੰਦਾ ਸੀ ਕਿ ਇਹ ਯਹੋਵਾਹ ਹੀ ਸੀ ਜਿਸ ਨੇ (ਉਸ ਦੇ) **ਸਵਾਮੀ ਨੂੰ ਵੱਡੀ ਬਰਕਤ ਦਿੱਤੀ** ਅਤੇ ਉਹ ਨੂੰ ਵੱਡਾ ਆਦਮੀ ਬਣਾਇਆ (24:1) ਅਤੇ ਉਸ ਨੂੰ **ਭੇਡਾਂ ਅਰ ਗਾਈਆਂ ਬਲਦ ਅਰ ਸੋਨਾ ਚਾਂਦੀ ਅਰ ਗੋੱਲੇ ਗੋੱਲੀਆਂ ਅਰ ਊਠ ਅਰ ਗਧੇ** ਦਿੱਤੇ ਹਨ। ਜਦੋਂ ਨੌਕਰ ਨੇ ਕਿਹਾ ਕਿ ਪਰਮੇਸ਼ੁਰ ਨੇ ਉਸ ਦੇ ਸਵਾਮੀ ਨੂੰ “ਵੱਡੀ ਬਰਕਤ” ਦਿੱਤੀ ਹੈ, ਉਸ ਦੀ ਭਾਸ਼ਾ 12:2 ਦੀ ਯਾਦ ਦਿਵਾਉਣ ਵਾਲੀ ਸੀ, ਜਿੱਥੇ ਯਹੋਵਾਹ ਨੇ ਅਬਰਾਹਾਮ ਨੂੰ “ਅਸੀਸ ਦੇਣ,” ਉਸ ਦਾ “ਨਾਉਂ ਵੱਡਾ ਕਰਨ” ਅਤੇ ਉਸ ਤੋਂ “ਇੱਕ ਵੱਡੀ ਕੌਮ” ਬਣਾਉਣ ਦਾ ਵਾਇਦਾ ਕੀਤਾ ਸੀ। ਨੌਕਰ ਦੀਆਂ ਗੱਲਾਂ ਇਹ ਵਿਖਾਉਂਦੀਆਂ ਹਨ ਕਿ ਉਹ ਆਪਣੇ ਸਵਾਮੀ ਦੇ ਪਰਮੇਸ਼ੁਰ ਦਾ ਸੱਚਾ ਵਿਸ਼ਵਾਸੀ ਬਣ ਚੁੱਕਾ ਸੀ। ਧਨ ਦੌਲਤ ਦਾ ਹਵਾਲਾ ਲਾਬਾਨ ਦੇ ਲਈ ਉਸ

ਦੀ ਭੈਣ ਦੇ ਇਕ ਯੋਗ ਵਿਅਕਤੀ ਨਾਲ ਸੰਭਾਵਿਤ ਵਿਆਹ ਵਿਚ ਵੱਡੀ ਦਿਲਚਸਪੀ ਦਾ ਵਿਸ਼ਾ ਰਿਹਾ ਹੋਵੇਗਾ। ਹੁਣ ਨੌਕਰ ਦੇ ਲਈ ਇਸ ਦੀ ਗੱਲ ਨੀਂਹ ਧਰੀ ਜਾ ਚੁੱਕੀ ਸੀ ਕਿ ਉਹ ਉਸ ਪਰਿਵਾਰ ਨੂੰ ਆਪਣੇ ਮਿਸ਼ਨ ਬਾਰੇ ਹੋਰ ਵਧੇਰੇ ਜਾਣਕਾਰੀ ਦੇਵੇ।

**ਆਇਤ 36.** ਅਸਲ ਵਿਚ, ਅਬਰਾਹਾਮ ਨੂੰ "ਇੱਕ ਵੱਡੀ ਕੌਮ" ਬਣਾਉਣ ਦੇ ਲਈ ਦਿੱਤਾ ਗਿਆ ਪਰਮੇਸ਼ੁਰ ਦਾ ਵਾਇਦਾ ਇਹ ਵਰਣਨ ਕਰਦਾ ਹੈ ਕਿ ਨੌਕਰ ਲੰਬਾ ਸਫਰ ਕੇ ਕਰਕੇ ਕਨਾਨ ਤੋਂ ਹਾਰਾਨ ਵਿਚ ਕਿਉਂ ਗਿਆ ਸੀ। ਨੌਕਰ ਨੇ ਪਰਿਵਾਰ ਨੂੰ ਦੱਸਿਆ ਕਿ ਮੇਰੇ **ਸਵਾਮੀ ਦੀ ਪਤਨੀ ਸਾਰਾਹ ਨੇ ਆਪਣੇ ਬਿਰਧਪੁਣੇ ਵਿੱਚ ਮੇਰੇ ਸਵਾਮੀ ਲਈ ਇੱਕ ਪੁੱਤ੍ਰ ਜਣਿਆ** (17:17; 21:2, 7)। ਇਹ ਟਿੱਪਣੀ ਮਹੱਤਵਪੂਰਣ ਸੀ ਕਿਉਂਕਿ ਇਹ ਇਹ ਪਰਗਟ ਕਰਦੀ ਸੀ ਕਿ ਅਬਰਾਹਾਮ ਦਾ ਪੁੱਤਰ ਰਿਬਕਾਹ ਨਾਲ ਵਿਆਹ ਕਰਵਾਉਣ ਦੇ ਲਈ ਕਾਫੀ ਜਵਾਨ ਸੀ, ਹਾਲਾਂਕਿ ਉਹ ਉਸ ਦੇ ਨਾਲੋਂ ਵੀ ਜਵਾਨ ਪੀੜ੍ਹੀਆਂ ਦਾ ਇਕ ਹਿੱਸਾ ਸੀ (ਵੇਖੋ 24:24; 25:20)। ਇੱਥੇ ਜ਼ੋਰ ਇਹ ਹੈ ਕਿ ਅਬਰਾਹਾਮ ਦੀ ਜਿੰਨੀ ਵੀ ਮਿਲਖ ਸੀ ਉਸ ਦਾ ਵਾਰਿਸ ਸਿਰਫ ਇੱਕੋ ਸੀ ਅਤੇ ਉਸ ਨੇ ਆਪਣਾ ਸਭ ਕੁਝ **ਉਸ ਨੂੰ ਦੇ ਦਿੱਤਾ** ਸੀ।

ਇਹ ਕਥਨ ਕਿ ਅਬਰਾਹਾਮ ਨੇ ਆਪਣਾ ਸਭ ਕੁਝ "ਉਸ ਨੂੰ ਦੇ ਦਿੱਤਾ" ਯੋਗ ਹੋਣਾ ਚਾਹੀਦਾ ਹੈ। ਅਗਲਾ ਅਧਿਆਇ ਦੱਸਦਾ ਹੈ ਕਿ ਅਬਰਾਹਾਮ ਨੇ ਕਟੂਰਾਹ ਦੇ ਰਾਹੀਂ ਇਸਮਾਏਲ ਅਤੇ ਉਸ ਦੇ ਪੁੱਤਰਾਂ ਨੂੰ ਇਨਾਮ ਦਿੱਤੇ (25:1, 6)।[13] ਫਿਰ ਵੀ, ਉਸ ਨੇ ਇਹ ਆਪਣੇ ਜੀਉਂਦੇ ਜੀ ਕੀਤਾ ਸੀ ਅਤੇ ਉਨ੍ਹਾਂ ਨੂੰ ਘਰੋਂ ਬਾਹਰ ਭੇਜ ਦਿੱਤਾ। ਉਸ ਦੀ ਮੌਤ ਤੋਂ ਬਾਅਦ, ਇਸਹਾਕ ਅਬਰਾਹਾਮ ਦੀ ਮਿਲਖ ਦਾ ਇਕਲੌਤਾ ਵਾਰਿਸ ਹੋਵੇਗਾ (ਵੇਖੋ 21:10)। ਇਹ ਜਾਣਕਾਰੀ ਨੇ ਪਰਿਵਾਰ ਨੂੰ ਮੁੜ ਤੋਂ ਇਹ ਭਰੋਸਾ ਦੇਣ ਦਾ ਕੰਮ ਕੀਤਾ ਕਿ ਜੇਕਰ ਰਿਬਕਾਹ ਨੂੰ ਇਸਹਾਕ ਨਾਲ ਵਿਆਹ ਕਰਵਾਉਣ ਦਿੱਤਾ ਜਾਵੇ, ਉਹ ਵੱਡੇ ਧਨ ਦੌਲਤ ਦਾ ਆਨੰਦ ਮਾਣੇਗੀ ਅਤੇ ਉਸ ਨੂੰ ਕਿਸੇ ਚੀਜ਼ ਦੀ ਕਮੀ ਨਹੀਂ ਹੋਵੇਗੀ।

**ਆਇਤਾਂ 37, 38.** ਨੌਕਰ ਨੇ ਸਮਝਾਇਆ ਕਿ **ਮੇਰੇ ਸਵਾਮੀ ਨੇ ਮੈਥੋਂ ਏਹ ਸੌਂਹ ਅਖਵਾਈ ਹੈ ਕਿ ਤੂੰ ਮੇਰੇ ਪੁੱਤ੍ਰ ਲਈ ਇਨ੍ਹਾਂ ਕਨਾਨੀਆਂ ਦੀਆਂ ਧੀਆਂ ਵਿੱਚੋਂ ਜਿਨ੍ਹਾਂ ਦੇ ਦੇਸ ਵਿੱਚ ਮੈਂ ਵੱਸਦਾ ਹਾਂ ਤੀਵੀਂ ਨਾ ਲਿਆਵੀਂ**। ਬਜਾਇ ਇਸ ਦੇ, **ਮੇਰੇ ਪਿਤਾ ਦੇ ਘਰ ਅਰ ਮੇਰੇ ਕੁਨਬੇ ਵਿੱਚ ਜਾਵੀਂ ਅਰ ਮੇਰੇ ਪੁੱਤ੍ਰ ਲਈ ਤੀਵੀਂ ਲਿਆਵੀਂ** (ਵੇਖੋ 24:2-4)।

**ਆਇਤਾਂ 39, 40.** ਨੌਕਰ ਨੇ ਰਿਬਕਾਹ ਦੇ ਪਰਿਵਾਰ ਨੂੰ ਆਖਿਆ ਕਿ ਮੈਂ ਅਬਰਾਹਾਮ ਨੂੰ ਕਿਹਾ ਸੀ ਕਿ ਉਸ ਦਾ ਮਿਸ਼ਨ ਅਸਫ਼ਲ ਹੋ ਸਕਦਾ ਹੈ ਜੇਕਰ ਉਸ **ਤੀਵੀਂ** ਨੇ ਵਾਪਸ ਕਨਾਨ ਵਿੱਚ ਉਸ ਦੇ **ਪਿੱਛੇ** ਆਉਣ ਤੋਂ ਇਨਕਾਰ ਕਰ ਦਿੱਤਾ। ਉਸ ਦੇ ਸਵਾਮੀ ਨੇ ਉਸ ਨੂੰ ਭਰੋਸਾ ਦਿਵਾਇਆ ਸੀ ਕਿ ਇਹ ਇਕ ਰੱਬੀ ਮਿਸ਼ਨ ਹੈ, ਇਹ ਜ਼ੋਰ ਦਿੰਦੇ ਹੋਏ ਕਿ ਯਹੋਵਾਹ **ਆਪਣਾ ਦੂਤ ਤੇਰੇ ਨਾਲ ਘੱਲੇਗਾ ਅਰ ਉਹ ਤੇਰੇ ਰਾਹ ਨੂੰ ਸੁਫਲ ਕਰੇਗਾ** (ਵੇਖੋ 24:5-7)।

ਇਸ ਲਿਖਤ ਦੀ ਰੋਚਕ ਵਿਸ਼ੇਸ਼ਤਾ ਇਹ ਹੈ ਕਿ ਅਬਰਾਹਾਮ ਦੁਆਰਾ ਦਿੱਤੀ ਜ਼ਿੰਮੇਵਾਰੀ ਬਾਰੇ ਦੱਸਦਿਆਂ, ਨੌਕਰ ਨੇ ਕਈ ਵਾਰ ਅਸਲ ਵਿੱਚ ਪੁਰਖੇ ਦਾ ਹਵਾਲਾ ਦਿੱਤਾ ਸੀ। ਕਈ ਵਾਰ, ਉਸ ਨੇ ਸਿਰਫ ਸਵਾਮੀ ਦੀਆਂ ਗੱਲਾਂ ਦਾ ਖੁਲਾਸਾ ਕੀਤਾ ਸੀ। ਨੌਕਰ ਦੇ ਹਵਾਲਾ ਦੇਣ ਰਾਹੀਂ, ਪਰਿਵਾਰ ਨੂੰ ਇਹ ਪਤਾ ਲੱਗ ਗਿਆ ਕਿ ਇਹ ਯਹੋਵਾਹ ਦੀ ਇੱਛਾ ਸੀ ਕਿ ਕਨਾਨੀ ਲੋਕਾਂ ਦੀ ਬਜਾਇ, ਉਹ [ਅਬਰਾਹਾਮ ਦੇ] **ਪੁੱਤ੍ਰ ਲਈ** [ਉਸ ਦੇ] **ਕੁਨਬੇ**, ਉਸ ਦੇ **ਪਿਤਾ ਦੇ** ਘਰੋਂ ਇਕ ਤੀਵੀਂ ਲੈ ਕੇ ਜਾਵੇ। ਇਸ ਗੱਲ ਨੇ ਉਨ੍ਹਾਂ ਨੂੰ ਇਹ ਸੰਭਾਵਨਾ ਤੇ ਵਿਚਾਰ ਕਰਨ ਦੇ ਲਈ ਮਜਬੂਰ

ਕਰ ਦਿੱਤਾ ਹੋਵੇਗਾ ਕਿ ਇਸ ਅਜਨਬੀ ਦਾ ਉਨ੍ਹਾਂ ਨੂੰ ਲੱਭਣਾ ਕੋਈ ਸੰਜੋਗ ਨਹੀਂ ਸੀ। ਸ਼ਾਇਦ ਯਹੋਵਾਹ ਦਾ ਦੂਤ ਰਿਬਕਾਹ ਨੂੰ ਲੱਭਣ ਦੇ ਲਈ ਉਸ ਨੂੰ ਉਨ੍ਹਾਂ ਦੇ ਕੋਲ ਲੈ ਕੇ ਆਇਆ ਸੀ।

**ਆਇਤ 41.** ਉਹ ਇਸ ਗੱਲ ਤੋਂ ਹੋਰ ਵੀ ਜ਼ਿਆਦਾ ਪ੍ਰਭਾਵਿਤ ਹੋਏ ਹੋਣਗੇ ਜਦੋਂ ਉਸ ਮਨੁੱਖ ਨੇ ਉਨ੍ਹਾਂ ਨੂੰ ਦੱਸਿਆ ਕਿ ਉਸ ਦੇ ਸਵਾਮੀ ਨੇ ਇਸ ਮਾਮਲੇ ਵਿਚ ਕਿਸੇ ਵੀ ਤਰ੍ਹਾਂ ਦੀ ਜਬਰਦਸਤੀ ਕਰਨ ਤੋਂ ਸਪੱਸ਼ਟ ਰੂਪ ਤੇ ਮਨ੍ਹਾ ਕੀਤਾ ਹੈ। ਪਰਿਵਾਰ ਨੂੰ ਰਿਬਕਾਹ ਨੂੰ ਭੇਜਣ ਤੋਂ ਇਨਕਾਰ ਕਰਨ ਦਾ ਵਿਕਲਪ ਦਿੱਤਾ ਗਿਆ ਸੀ ਅਤੇ ਫਿਰ ਨੌਕਰ ਅਬਰਾਹਾਮ ਨੂੰ ਦਿੱਤੀ (ਉਸ ਦੀ) **ਸੌਂਹ ਤੋਂ ਬਰੀ ਹੋ ਜਾਵੇਗਾ** (ਵੇਖੋ 24:8)।

**ਆਇਤਾਂ 42-44.** ਉਨ੍ਹਾਂ ਕਾਰਨਾਂ ਤੇ ਚਰਚਾ ਕਰਨ ਤੋਂ ਬਾਅਦ ਕਿ ਇਸਹਾਕ ਅਤੇ ਰਿਬਕਾਹ ਵਿਚਕਾਰ ਵਿਆਹ ਯੋਗ ਅਤੇ ਪਰਮੇਸ਼ੁਰ ਦੇ ਦੈਵੀ ਕੰਮਾਂ ਦੇ ਅਨੁਸਾਰ ਹੋਵੇਗਾ, ਨੌਕਰ ਇਹ ਜਾਣਨ ਦੇ ਲਈ ਉਤਸੁਕ ਸੀ ਕਿ ਉਸ ਦੀ ਖੋਜ **ਸੁਫਲ** ਹੋਵੇਗੀ ਜਾਂ ਨਹੀਂ। ਉਸ ਨੇ ਆਪਣੀ ਪ੍ਰਾਰਥਨਾ ਤੋਂ ਸ਼ੁਰੂ ਕਰਕੇ ਉਨ੍ਹਾਂ ਨੂੰ ਉਹ ਸਭ ਕੁਝ ਦੱਸ ਦਿੱਤਾ ਸੀ ਜੋ ਚਸ਼ਮੇ ਕੋਲ ਹੋਇਆ ਸੀ (ਵੇਖੋ 24:10-14)।

ਆਇਤ 43 ਵਿਚ, ਬਿਰਤਾਂਤ ਜੋ ਨੌਕਰ ਨੇ ਰਿਬਕਾਹ ਦੇ ਪਰਿਵਾਰ ਵਾਲਿਆ ਨੂੰ ਦਿੱਤਾ ਉਸ ਵਿਚ ਉਸ ਬਿਰਤਾਂਤ ਨਾਲੋਂ ਥੋੜ੍ਹਾ ਜਿਹਾ ਅੰਤਰ ਹੈ ਜੋ ਉਸ ਨੇ ਪਹਿਲਾਂ ਰਿਬਕਾਹ ਨਾਲ ਉਸ ਦੀ ਮੁਲਾਕਾਤ ਦੀ ਵਾਰਤਾ ਵਿਚ ਦੱਸਿਆ ਸੀ। 24:16 ਵਿਚ ਉਸ ਨੂੰ "ਕੁਆਰੀ" (בְּתוּלָה, *ਬੀਥੁਲਾਹ*) ਕਿਹਾ ਗਿਆ ਸੀ, ਨੌਕਰ ਨੇ ਉਸ ਦਾ **ਕੁਆਰੀ** (עַלְמָה, *ਅਲਮਾਹ*) ਦੇ ਰੂਪ ਵਿਚ ਹਵਾਲਾ ਦਿੱਤਾ ਸੀ। ਹਾਲਾਂਕਿ ਰਿਬਕਾਹ ਦਾ ਵਰਣਨ ਕਰਨ ਦੇ ਲਈ ਵੱਖ-ਵੱਖ ਸ਼ਬਦ ਵਰਤੇ ਗਏ ਹਨ, ਇਸ ਸੰਦਰਭ ਵਿਚ, ਦੋਹਾਂ ਸ਼ਬਦਾਂ ਦਾ ਮੰਨਣਾ ਹੈ ਕਿ "ਛੋਕਰੀ" (24:14) ਕੁਆਰੀ ਸੀ। ਦਰਅਸਲ, ਇਹ ਦੱਸਿਆ ਗਿਆ ਹੈ ਕਿ ਉਸ ਨੇ ਕਿਸੇ ਮਨੁੱਖ ਨਾਲ ਯੌਨ ਸੰਬੰਧ ਨਹੀਂ ਸੀ ਬਣਾਇਆ (24:16)। ਇਹ ਬਹੁਤ ਹੀ ਜ਼ਿਆਦਾ ਮਹੱਤਵਪੂਰਣ ਸੀ, ਕਿਉਂਕਿ ਇਹ ਖੋਜ ਇਸਹਾਕ ਲਈ ਇਕ ਅਜਿਹੀ ਤੀਵੀਂ ਲੱਭਣ ਦੇ ਲਈ ਸੀ ਜਿਹੜੀ ਕਾਮੁਕ ਤੌਰ ਤੇ ਸ਼ੁੱਧ ਜਾਂ ਪਵਿੱਤਰ ਹੋਵੇ।

**ਆਇਤਾਂ 45, 46.** ਨੌਕਰ ਨੇ ਬੜੀ ਖੁਸ਼ੀ ਨਾਲ ਦੱਸਿਆ ਕਿ ਰਿਬਕਾਹ ਕਿਵੇਂ ਹਰ ਉਮੀਦ ਤੇ ਖਰੀ ਉੱਤਰਦੀ ਹੈ (ਵੇਖੋ 24:15-21)। ਤੱਥ ਸਪੱਸ਼ਟ ਸਨ ਅਤੇ ਮਨੁੱਖ ਕੋਲ ਰਿਬਕਾਹ ਨੂੰ ਆਪਣੇ ਨਾਲ ਕਨਾਨ ਲਿਜਾਣ ਦੇ ਲਈ ਪਰਿਵਾਰ ਨੂੰ ਮਨਾਉਣ ਦੀ ਕੋਸ਼ਿਸ਼ ਵਿਚ ਉਨ੍ਹਾਂ ਨੂੰ ਬਦਲਣ ਜਾਂ ਸੁਧਾਰਣ ਦਾ ਕੋਈ ਕਾਰਣ ਨਹੀਂ ਸੀ।

**ਆਇਤ 47.** ਜਦੋਂ ਨੌਕਰ ਨੇ ਰਿਬਕਾਹ ਦੇ ਪਰਿਵਾਰ ਨੂੰ ਰਿਬਕਾਹ ਨਾਲ ਮਿਲਣ ਦੇ ਬਾਰੇ ਸਾਰਾ ਵੇਰਵਾ ਦੱਸਿਆ, ਉਸ ਦੀ ਗੱਲਬਾਤ ਦੇ ਅੰਤ ਵਿਚ ਪਹਿਲਾਂ ਦੇ ਬਿਰਤਾਂਤ ਨਾਲੋਂ ਇਕ ਹੋਰ ਅੰਤਰ ਆਇਆ। ਪਹਿਲਾਂ, ਵਾਰਤਾ ਇਹ ਕਹਿੰਦੀ ਸੀ ਕਿ ਨੌਕਰ ਨੇ ਉਸ ਕੁਆਰੀ ਨੂੰ ਉਸ ਦੀ ਵੰਸ਼ਾਵਲੀ ਅਤੇ ਉਸ ਦੇ ਮਨੁੱਖਾਂ ਅਤੇ ਜਾਨਵਰਾਂ ਦੇ ਲਈ ਰਹਿਣ ਦੀ ਥਾਂ ਬਾਰੇ ਸਵਾਲ ਕਰਨ ਤੋਂ ਪਹਿਲਾਂ ਸੋਨੇ ਦੀ ਨੱਥ ਅਤੇ ਕੜੇ ਦਿੱਤੇ (24:22)। ਇਨ੍ਹਾਂ ਘਟਨਾਵਾਂ ਬਾਰੇ ਦੱਸਦਿਆਂ, ਨੌਕਰ ਇਹ ਤੱਥ ਬਾਰੇ ਭੁੱਲ ਗਿਆ ਕਿ ਉਸ ਨੇ ਰਿਬਕਾਹ ਨੂੰ ਪ੍ਰਬੰਧਾਂ ਬਾਰੇ ਸਵਾਲ ਕੀਤਾ ਸੀ। ਸ਼ਾਇਦ ਉਹ ਚਾਲ ਖੇਡ ਰਿਹਾ ਸੀ, ਤਾਂ ਕਿ ਉਹ ਆਪਣੇ ਮੇਜ਼ਬਾਨਾਂ ਦੇ ਲਈ ਜ਼ਿਆਦਾ ਕੱਟੜ ਜਾਂ ਖ਼ਤਰਾ ਨਾ ਜਾਪੇ।

ਫਿਰ ਵੀ, ਬਿਰਤਾਂਤ ਵਿਚ ਭਿੰਨਤਾ ਜਾਪਦੀ ਹੈ। ਵਾਰਤਾ ਦੱਸਣ ਵਾਲੇ ਨੇ ਉਸ ਜਵਾਨ

ਤੀਵੀਂ ਦੀ ਪਛਾਣ ਦੱਸਣ ਤੋਂ ਪਹਿਲਾਂ ਉਸ ਨੂੰ ਤੋਹਫ਼ੇ ਦੇਣ ਦਾ ਜ਼ਿਕਰ ਕੀਤਾ ਸੀ (24:22), ਜਦ ਕਿ ਨੌਕਰ ਦੀ ਵਾਰਤਾ ਨੇ ਘਟਨਾਵਾਂ ਦੀ ਤਰਤੀਬ ਨੂੰ ਉਲਟ ਕਰ ਦਿੱਤਾ। ਉਸ ਨੇ ਉਸ ਦੀ ਵੰਸ਼ਾਵਲੀ ਦੀ ਚਰਚਾ ਤੋਂ ਬਾਅਦ ਹੀ ਗਹਿਣਿਆਂ ਦਾ ਹਵਾਲਾ ਦਿੱਤਾ ਸੀ। ਅਸਲ ਵਿਚ ਕੋਈ ਵਿਰੋਧਾਭਾਸ ਨਹੀਂ ਆਉਂਦਾ, ਕਿਉਂਕਿ ਬਿਰਤਾਂਤਾਂ ਵਿਚ ਸਿਰਫ ਇੱਕੋ ਅੰਤਰ ਉਨ੍ਹਾਂ ਕਿਰਿਆਵਾਂ ਵਿਚ ਹੈ ਜੋ ਵਰਤੀਆਂ ਗਈਆਂ ਹਨ। ਵਾਰਤਾ ਕਹਿੰਦੀ ਹੈ ਕਿ "ਮਨੁੱਖ ਨੇ ਗਹਿਣੇ ਕੱਢੇ" (24:22), ਪਰ ਨੌਕਰ ਨੇ ਆਖਿਆ ਕਿ ਉਹ ਨੇ **ਉਸ ਦੇ ਨੱਕ ਵਿੱਚ ਅਰ ਹੱਥਾਂ ਵਿੱਚ ਕੜੇ ਪਾ ਦਿੱਤੇ**। ਇਹ ਬਿਲਕੁਲ ਸੰਭਵ ਹੈ ਕਿ ਉਸ ਨੇ ਪਹਿਲਾਂ ਤੋਹਫ਼ੇ ਬਾਹਰ ਕੱਢੇ, ਫਿਰ ਉਸ ਨੇ ਉਸ ਦੇ ਪਿਤਾ ਦੀ ਵੰਸ਼ਾਵਲੀ ਬਾਰੇ ਸਵਾਲ ਕੀਤਾ ਸੀ ਅਤੇ ਅਸਲ ਵਿੱਚ ਤਦ ਤੱਕ ਉਸ ਨੂੰ ਗਹਿਣੇ ਨਹੀਂ ਸੀ ਪਾਏ ਜਦ ਤੱਕ ਉਸ ਨੂੰ ਉਸ ਦੀ ਵੰਸ਼ਾਵਲੀ ਬਾਰੇ ਨਹੀਂ ਪਤਾ ਲੱਗਾ ਜਿਸ ਦਾ ਸੰਬੰਧ ਅਬਰਾਹਾਮ ਨਾਲ ਸੀ।[14] ਆਖ਼ਰਕਾਰ, ਨੌਕਰ ਦੇ ਮਿਸ਼ਨ ਵਿਚ ਪਰਿਵਾਰ ਦੀ ਪਛਾਣ ਮਹੱਤਵਪੂਰਣ ਸੀ, ਜੋ ਕਿ ਇਸਹਾਕ ਦੇ ਲਈ ਅਬਰਾਹਾਮ ਦੇ "ਪਿਤਾ ਦੇ ਘਰ ਵਿੱਚੋਂ" ਇਕ ਯੋਗ ਤੀਵੀਂ ਨੂੰ ਲੱਭਣਾ ਸੀ (24:38, 40)। ਸ਼ਾਇਦ ਉਹ ਮਹਿੰਗੇ ਮੁੱਲ ਦੇ ਗਹਿਣੇ ਰਿਬਕਾਹ ਨੂੰ ਨਹੀਂ ਸੀ ਦਿੱਤੇ ਜਾਣੇ, ਜੇਕਰ ਉਹ ਇਕ ਵੱਖਰੇ ਵੰਸ਼ ਤੋਂ ਕੁਆਰੀ ਹੁੰਦੀ।

**ਆਇਤ 48.** ਨੌਕਰ ਨੇ ਪਰਿਵਾਰ ਨੂੰ ਉਹ ਸਭ ਦੱਸਿਆ ਜੋ ਉਸ ਨੇ ਚਸ਼ਮੇ ਕੋਲ ਇਸ ਜਵਾਨ ਇਸਤ੍ਰੀ ਨੂੰ ਕਿਹਾ ਸੀ: **ਯਹੋਵਾਹ ਨੇ ... ਮੈਨੂੰ ਸਚਿਆਈ ਦੇ ਰਸਤੇ ਪਾਇਆ ਤਾਂ ਜੋ ਮੈਂ ਆਪਣੇ ਸਵਾਮੀ ਦੇ ਭਰਾ ਦੀ ਪੁੱਤ੍ਰੀ ਉਸ ਦੇ ਪੁੱਤ੍ਰ ਵਾਸਤੇ ਲਵਾਂ** (ਵੇਖੋ 24:27)।

**ਆਇਤ 49.** ਮਨੁੱਖ ਨੇ ਆਖ਼ਰੀ ਅਪੀਲ ਨਾਲ ਆਪਣੀ ਗੱਲ ਨੂੰ ਖਤਮ ਕੀਤਾ। ਇਬਰਾਨੀ ਲਿਖਤ ਦੱਸਦੀ ਹੈ ਕਿ ਉਹ ਸਿਰਫ ਲਾਬਾਨ ਨਾਲ ਗੱਲ ਨਹੀਂ ਸੀ ਕਰ ਰਿਹਾ, ਪਰ ਬਥੂਏਲ ਅਤੇ ਸੰਭਵ ਤੌਰ ਤੇ ਪਰਿਵਾਰ ਦੇ ਹੋਰਨਾਂ ਮੈਂਬਰਾਂ ਨਾਲ ਵੀ। ਉਸ ਨੇ ਤਿੰਨ ਕਿਰਿਆਵਾਂ ਦੀ ਵਰਤੋਂ ਕੀਤੀ ਜੋ ਮੱਧਮ ਪੁਰਖ ਬਹੁਵਚਨ ਹਨ ਜਦੋਂ ਉਸ ਨੇ ਆਖਿਆ, **ਹੁਣ ਜੇਕਰ ਮੇਰੇ ਸਵਾਮੀ ਦੇ ਨਾਲ ਦਯਾ ਅਰ ਸਚਿਆਈ ਦਾ ਸਲੂਕ ਕਰਨਾ ਹੈ ਤਾਂ** [*ਤੁਸੀਂ*] **ਮੈਨੂੰ ਦੱਸੋ ਅਰ ਜੇਕਰ ਨਹੀਂ ਤਾਂ ਵੀ** [*ਤੁਸੀਂ*] **ਮੈਨੂੰ ਦੱਸੋ** (ਜ਼ੋਰ ਦਿੱਤਾ ਗਿਆ ਹੈ)। ਇਸ ਤਰੀਕੇ ਨਾਲ, ਉਸ ਨੇ ਰਿਬਕਾਹ ਦੇ ਇਸਹਾਕ ਨਾਲ ਭਵਿੱਖ ਦੇ ਸੰਬੰਧ ਵਿੱਚ ਪਰਿਵਾਰ ਦਾ ਫ਼ੈਸਲਾ ਪੁੱਛਿਆ।

ਇਹ ਵਿਖਾਉਣ ਦੇ ਲਈ ਕਿ ਪਰਮੇਸ਼ੁਰ ਦੀ ਇਹ ਇੱਛਾ ਸੀ ਕਿ ਰਿਬਕਾਹ ਅਬਰਾਹਾਮ ਦੇ ਪੁੱਤਰ ਨਾਲ ਵਿਆਹ ਕਰੇ ਠੋਸ ਸਬੂਤ ਪੇਸ਼ ਕੀਤਾ ਗਿਆ ਹੈ। ਉਹ ਨਹੀਂ ਸੀ ਚਾਹੁੰਦਾ ਕਿ ਲਾਬਾਨ ਅਤੇ ਬਥੂਏਲ ਇਸ ਵਿੱਚ ਦੇਰੀ ਕਰਨ; ਉਹ ਚਾਹੁੰਦਾ ਸੀ ਕਿ ਉਹ ਛੇਤੀ ਤੋਂ ਛੇਤੀ ਕੋਈ ਨਾ ਕੋਈ ਫ਼ੈਸਲਾ ਲੈਣ ਤਾਂ ਜੋ ਉਹ ਜਾਣ ਸਕੇ ਕਿ ਉਸ ਨੇ **ਸੱਜੇ ਅਥਵਾ ਖੱਬੇ ਪਾਸੇ ਵੱਲ ਮੁੜਨਾ** ਹੈ। ਕੁਝ ਸੋਚਦੇ ਹਨ ਕਿ ਇਸ ਕਥਨ ਦਾ ਅਰਥ ਇਹ ਹੈ ਕਿ ਨੌਕਰ ਨੇ ਇਸਹਾਕ ਦੇ ਲਈ ਕਿਤੇ ਹੋਰ ਸੰਭਾਵਿਤ ਪਤਨੀ ਦੀ ਤਲਾਸ਼ ਕਰਨੀ ਸੀ ਜੇਕਰ ਉਹ ਮਨੁੱਖ ਉਸ ਦੀ ਬੇਨਤੀ ਨੂੰ ਮੰਨਣ ਤੋਂ ਇਨਕਾਰ ਕਰ ਦਿੰਦੇ। ਫਿਰ ਵੀ, ਅਜਿਹਾ ਵਿਚਾਰ ਅਬਰਾਹਾਮ ਦੇ ਹੁਕਮ ਅਤੇ ਨੌਕਰ ਦੀਆਂ ਪ੍ਰਾਰਥਨਾਵਾਂ ਦੇ ਜਵਾਬ ਵਿਚ ਪਰਮੇਸ਼ੁਰ ਦੇ ਮਾਰਗ-ਦਰਸ਼ਨ ਦੇ ਉਲਟ ਹੋਣਾ ਸੀ। ਅਬਰਾਹਾਮ ਦੇ ਨੌਕਰ ਨੂੰ ਪੂਰਾ ਵਿਸ਼ਵਾਸ ਸੀ ਕਿ ਚਸ਼ਮੇ ਤੇ ਰਿਬਕਾਹ ਨਾਲ ਉਸ ਦੀ ਮੁਲਾਕਾਤ ਪਰਮੇਸ਼ੁਰ ਦਾ ਇਕ ਪ੍ਰਬੰਧ ਸੀ। ਯਹੋਵਾਹ ਸਹੀ ਸਮੇਂ ਵਿਚ ਸਹੀ ਥਾਂ ਤੇ ਸਹੀ ਪਰਿਵਾਰ ਵਿੱਚੋਂ ਸਹੀ ਵਿਅਕਤੀ ਨੂੰ ਮਿਲਣ ਦੇ ਲਈ ਨੌਕਰ ਨੂੰ ਉੱਥੇ ਲੈ ਕੇ ਆਇਆ ਸੀ ਅਤੇ ਇਹ ਸਭ ਕੁਝ ਪਰਮੇਸ਼ੁਰ ਦੇ ਵਾਅਦੇ ਨੂੰ ਪੂਰਾ ਕਰਨ ਦੇ ਲਈ ਹੋਇਆ ਸੀ। ਸਗੋਂ, ਨੌਕਰ ਇਹ ਵੀ ਸਮਝ ਗਿਆ

ਸੀ ਕਿ ਪਰਮੇਸ਼ੁਰ ਰਿਬਕਾਹ ਦੇ ਪਰਿਵਾਰ ਦੀ ਅਜ਼ਾਦ ਇੱਛਾ ਦੀ ਉਲੰਘਣਾ ਨਹੀਂ ਕਰੇਗਾ, ਨਾ ਹੀ ਉਹ ਰਿਬਕਾਹ ਜਾਂ ਉਸ ਦੇ ਪਰਿਵਾਰ ਨੂੰ ਇਕ ਅਨੁਕੂਲ ਫ਼ੈਸਲਾ ਲੈਣ ਦੇ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕਰੇਗਾ। "ਸੱਜੇ ਅਥਵਾ ਖੱਬੇ ਪਾਸੇ ਵੱਲ" ਮੁੜਨ ਬਾਰੇ ਪਰਗਟਾਵਾ ਸ਼ਾਇਦ ਇਹ ਕਹਿਣ ਦਾ ਤਰੀਕਾ ਸੀ ਕਿ ਉਹ ਜਾਣਨਾ ਚਾਹੁੰਦਾ ਸੀ ਕਿ ਗੱਲ ਕਿੱਥੋਂ ਤੱਕ ਪਹੁੰਚੀ ਹੈ ਅਤੇ ਉਸ ਨੂੰ ਇੱਥੋਂ ਅੱਗੇ ਕਿਵੇਂ ਵਧਣਾ ਚਾਹੀਦਾ ਹੈ।

## ਯਾਤਰਾ ਵਿਚ ਸਫਲਤਾ ਮਿਲਣਾ (24:50-61)

**[50]ਤਦ ਲਾਬਾਨ ਅਰ ਬਥੂਏਲ ਨੇ ਜਵਾਬ ਵਿੱਚ ਆਖਿਆ, ਏਹ ਗੱਲ ਯਹੋਵਾਹ ਵੱਲੋਂ ਆਈ ਹੈ। ਅਸੀਂ ਤੁਹਾਨੂੰ ਬੁਰਾ ਅਥਵਾ ਭਲਾ ਨਹੀਂ ਆਖ ਸੱਕਦੇ। [51]ਵੇਖੋ ਰਿਬਕਾਹ ਤੁਹਾਡੇ ਸਨਮੁਖ ਹੈ। ਉਹ ਨੂੰ ਲਓ ਅਰ ਜਾਓ ਤਾਂਜੋ ਉਹ ਤੁਹਾਡੇ ਸਵਾਮੀ ਦੇ ਪੁੱਤ੍ਰ ਦੀ ਤੀਵੀਂ ਹੋਵੇ ਜਿਵੇਂ ਯਹੋਵਾਹ ਦਾ ਬਚਨ ਹੈ। [52]ਤਾਂ ਐਉਂ ਹੋਇਆ ਕਿ ਜਦ ਅਬਰਾਹਾਮ ਦੇ ਨੌਕਰ ਨੇ ਉਨ੍ਹਾਂ ਦੀਆਂ ਗੱਲਾਂ ਸੁਣੀਆਂ ਤਦ ਉਸ ਨੇ ਯਹੋਵਾਹ ਦੇ ਅੱਗੇ ਧਰਤੀ ਉੱਤੇ ਮੱਥਾ ਟੇਕਿਆ। [53]ਫੇਰ ਉਸ ਨੌਕਰ ਨੇ ਚਾਂਦੀ ਅਰ ਸੋਨੇ ਦੀਆਂ ਟੂੰਬਾਂ ਅਰ ਬਸਤ੍ਰ ਕੱਢਕੇ ਰਿਬਕਾਹ ਨੂੰ ਦਿੱਤੇ ਅਰ ਉਸ ਨੇ ਉਸ ਦੇ ਭਰਾ ਅਰ ਮਾਤਾ ਨੂੰ ਵੀ ਕੀਮਤੀ ਚੀਜ਼ਾਂ ਦਿੱਤੀਆਂ। [54]ਤਾਂ ਉਸ ਨੇ ਅਰ ਉਸ ਦੇ ਸਾਥੀਆਂ ਨੇ ਖਾਧਾ ਅਰ ਪੀਤਾ ਅਰ ਰਾਤ ਕੱਟੀ। ਤੜਕੇ ਉੱਠਕੇ ਉਸ ਆਖਿਆ, ਮੈਨੂੰ ਮੇਰੇ ਸਵਾਮੀ ਦੇ ਕੋਲ ਤੋਰ ਦਿਓ। [55]ਉਪਰੰਤ ਉਹ ਦੇ ਭਰਾ ਅਰ ਉਹ ਦੀ ਮਾਤਾ ਨੇ ਆਖਿਆ, ਛੋਕਰੀ ਨੂੰ ਥੋੜੇ ਦਿਨ ਅਥਵਾ ਦਸਕੁ ਦਿਨ ਸਾਡੇ ਕੋਲ ਰਹਿਣ ਦਿਓ। ਉਸ ਦੇ ਪਿੱਛੋਂ ਉਹ ਚੱਲੀ ਜਾਵੇਗੀ। [56]ਪਰ ਉਸ ਉਨ੍ਹਾਂ ਨੂੰ ਆਖਿਆ, ਮੈਨੂੰ ਨਾ ਡੱਕੋ ਕਿਉਂਜੋ ਯਹੋਵਾਹ ਨੇ ਮੇਰਾ ਪੈਂਡਾ ਸੁਫਲ ਕੀਤਾ ਹੈ। ਮੈਨੂੰ ਘੱਲ ਦਿਓ ਤਾਂਜੋ ਮੈਂ ਆਪਣੇ ਸਵਾਮੀ ਦੇ ਕੋਲ ਜਾਵਾਂ। [57]ਉਨ੍ਹਾਂ ਆਖਿਆ, ਅਸੀਂ ਛੋਕਰੀ ਨੂੰ ਬੁਲਾਉਂਦੇ ਹਾਂ ਅਰ ਉਹ ਦੇ ਮੂੰਹੋਂ ਪੁੱਛਦੇ ਹਾਂ। [58]ਤਦ ਉਨ੍ਹਾਂ ਨੇ ਰਿਬਕਾਹ ਨੂੰ ਸੱਦਿਆ ਅਤੇ ਉਹ ਨੂੰ ਆਖਿਆ, ਕੀ ਤੂੰ ਏਸ ਮਨੁੱਖ ਦੇ ਸੰਗ ਜਾਵੇਂਗੀ? ਤਾਂ ਓਸ ਆਖਿਆ, ਮੈਂ ਜਾਵਾਂਗੀ। [59]ਉਪਰੰਤ ਉਨ੍ਹਾਂ ਨੇ ਰਿਬਕਾਹ ਆਪਣੀ ਭੈਣ ਅਰ ਉਹ ਦੀ ਦਾਈ ਅਰ ਅਬਰਾਹਾਮ ਦੇ ਨੌਕਰ ਅਰ ਉਸ ਦੇ ਸਾਥੀਆਂ ਨੂੰ ਵਿਦਿਆ ਕਰ ਦਿੱਤਾ। [60]ਉਨ੍ਹਾਂ ਰਿਬਕਾਹ ਨੂੰ ਅਸੀਸ ਦਿੱਤੀ ਅਰ ਉਹ ਨੂੰ ਆਖਿਆ, ਹੇ ਸਾਡੀ ਭੈਣ ਤੂੰ ਹਜ਼ਾਰਾਂ ਅਰ ਲੱਖਾਂ ਦੀ ਮਾਤਾ ਹੋ ਅਤੇ ਤੇਰੀ ਅੰਸ ਵੈਰੀਆਂ ਦੇ ਫਾਟਕ ਦੀ ਅਧਿਕਾਰੀ ਹੋਵੇ। [61]ਤਾਂ ਰਿਬਕਾਹ ਅਰ ਉਸ ਦੇ ਨਾਲ ਦੀਆਂ ਛੋਕਰੀਆਂ ਉੱਠੀਆਂ ਅਰ ਊਠਾਂ ਉੱਤੇ ਚੜ੍ਹ ਗਈਆਂ ਅਰ ਉਸ ਮਨੁੱਖ ਦੇ ਪਿੱਛੇ ਪਿੱਛੇ ਤੁਰ ਪਈਆਂ ਸੋ ਉਹ ਨੌਕਰ ਰਿਬਕਾਹ ਨੂੰ ਲੈਕੇ ਤੁਰ ਪਿਆ।**

**ਆਇਤ 50.** ਨੌਕਰ ਦੀ ਸਪੱਸ਼ਟ ਈਮਾਨਦਾਰੀ ਅਤੇ ਉਸ ਦੀ ਸ਼ਕਤੀਸ਼ਾਲੀ ਗਵਾਹੀ ਨੂੰ ਸੁਣਨ ਤੋਂ ਬਾਅਦ, **ਲਾਬਾਨ ਅਰ ਬਥੂਏਲ** ਨੂੰ ਯਕੀਨ ਹੋ ਗਿਆ ਕਿ ਇਨ੍ਹਾਂ ਘਟਨਾਵਾਂ ਦੇ ਵਿੱਚ ਪਰਮੇਸ਼ੁਰ ਦਾ ਹੱਥ ਸੀ। ਇਸ ਲਈ, ਉਨ੍ਹਾਂ ਨੇ ਕਿਹਾ, **ਅਸੀਂ ਤੁਹਾਨੂੰ ਬੁਰਾ ਅਥਵਾ ਭਲਾ ਨਹੀਂ ਆਖ ਸੱਕਦੇ** (ਵੇਖੋ 31:24, 29; 2 ਸਮੂਏਲ 13:22)। NIV ਅਨੁਵਾਦ ਆਧੁਨਿਕ ਸ਼ਬਦਾਂ ਵਿਚ ਬਿਆਨ ਕਰਦਾ ਹੈ: "ਅਸੀਂ ਤੁਹਾਨੂੰ ਇਹ ਯਾ ਉਹ ਕੁਝ ਵੀ ਨਹੀਂ ਕਹਿ ਸਕਦੇ ਹਾਂ।"

**ਆਇਤ 51.** ਜੇਕਰ ਪਰਮੇਸ਼ੁਰ ਇਨ੍ਹਾਂ ਸਾਰੀਆਂ ਕਾਰਵਾਈਆਂ ਰਾਹੀਂ ਬੋਲਿਆ ਹੁੰਦਾ, ਤਾਂ ਮਨੁੱਖਾਂ ਦੁਆਰਾ ਇਤਰਾਜ਼ ਕਰਨ ਦੀ ਥੋੜੀ ਜਿਹੀ ਗੁੰਜਾਇਸ਼ ਹੋਣੀ ਸੀ; ਇਸ ਲਈ ਉਨ੍ਹਾਂ ਨੇ

ਨੌਕਰ ਨੂੰ ਕਿਹਾ ਕਿ**ਰਿਬਕਾਹ** ਨੂੰ ਲੈ ਲਓ **ਤਾਂਜੋ ਉਹ ਤੁਹਾਡੇ** [ਉਹ ਦੇ] **ਸਵਾਮੀ ਦੇ ਪੁੱਤ੍ਰ ਦੀ ਤੀਵੀਂ ਹੋਵੇ ਜਿਵੇਂ ਯਹੋਵਾਹ ਦਾ ਬਚਨ** [ਸੀ] **ਹੈ**।

ਇਸ ਫੈਸਲੇ ਵਿਚ ਲਾਬਾਨ ਅਤੇ ਬਥੂਏਲ ਦੇ ਸੱਚੇ ਉਦੇਸ਼ਾਂ ਦੇ ਰੂਪ ਵਿਚ ਕਈ ਸੰਭਾਵਨਾਵਾਂ ਸ਼ਾਮਲ ਹਨ। ਸਭ ਤੋਂ ਪਹਿਲਾਂ, ਇਹ ਉਨ੍ਹਾਂ ਦੇ ਵਿਸ਼ਵਾਸ ਦਾ ਸੱਚਾ ਇਕਬਾਲ ਹੋ ਸਕਦਾ ਹੈ ਜਿਸਨੇ ਇਸ ਮਾਮਲੇ ਵਿਚ "ਪ੍ਰਭੂ" (ਅਬਰਾਹਾਮ ਦੇ ਪਰਮੇਸ਼ੁਰ) ਅਤੇ ਉਸ ਦੀ ਇੱਛਾ ਦੇ ਪ੍ਰਤਿ ਉਨ੍ਹਾਂ ਦੇ ਸੱਚੇ ਸਨਮਾਨ ਨੂੰ ਪਰਗਟ ਕੀਤਾ। ਦੂਸਰਾ, ਅਬਰਾਹਾਮ ਦੇ ਨੌਕਰ ਦੇ ਦੁਆਰਾ ਵੰਡੇ ਗਏ ਧਨ-ਦੌਲਤ ਨੇ ਸ਼ਾਇਦ ਉਨ੍ਹਾਂ ਨੂੰ ਬੇਚੈਨ ਕਰ ਦਿੱਤਾ ਸੀ; ਸ਼ਾਇਦ ਉਹ ਰਿਬਕਾਹ ਦੇ ਲਈ ਇੱਕ ਲਾੜੀ ਦੀ ਕੀਮਤ ਦੇ ਰੂਪ ਵਿਚ ਹੋਰ ਵੀ ਬਹੁਤ ਕੁਝ ਹਾਸਲ ਕਰਨਾ ਚਾਹੁੰਦੇ ਸਨ। ਅਖ਼ੀਰ ਵਿੱਚ, ਉਹ ਸ਼ਾਇਦ ਅਬਰਾਹਾਮ ਦੇ ਪਰਮੇਸ਼ੁਰ ਤੋਂ ਡਰਦੇ ਸਨ। ਸ਼ਾਇਦ ਉਨ੍ਹਾਂ ਨੇ ਮੰਨ ਲਿਆ ਹੋਵੇਗਾ ਕਿ ਉਹ ਉਨ੍ਹਾਂ ਦੇ ਆਪਣੇ ਮਸੋਪੋਤਾਮੀਆ ਦੇ ਦੇਵਤਿਆਂ ਵਰਗਾ ਸੀ (31:19, 30) ਅਤੇ ਜੇਕਰ ਉਨ੍ਹਾਂ ਨੇ ਉਸ ਦੇ ਨੌਕਰ ਦੀ ਬੇਨਤੀ ਨੂੰ ਝੁਠਲਾ ਦਿੱਤਾ ਅਤੇ ਉਸ ਦੀ ਇੱਛਾ ਨੂੰ ਪੂਰਾ ਨਾ ਕੀਤਾ ਤਾਂ ਉਹ ਉਨ੍ਹਾਂ ਤੋਂ ਬਦਲਾ ਲਵੇਗਾ। ਲਾਬਾਨ ਅਤੇ ਬਥੂਏਲ ਦੁਆਰਾ ਰਿਬਕਾਹ ਨੂੰ ਇਸਹਾਕ ਨਾਲ ਵਿਆਹ ਕਰਵਾਉਣ ਲਈ ਕਨਾਨ ਤੱਕ ਦੀ ਲੰਬੀ ਯਾਤਰਾ ਲਈ ਜਾਣ ਦੀ ਇਜਾਜ਼ਤ ਦੇਣ ਦੇ ਇਸ ਫੈਸਲੇ ਵਿਚ ਇਨ੍ਹਾਂ ਸਾਰੇ ਕਾਰਣਾਂ ਦੇ ਵਿਚੋਂ ਕੋਈ ਵੀ ਕਾਰਣ ਸ਼ਾਮਲ ਹੋ ਸਕਦਾ ਹੈ। ਲਿਖਤ ਤੋਂ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਦੋਵਾਂ ਆਦਮੀਆਂ ਨੇ ਕੀ ਕਿਹਾ ਸੀ, ਨਾ ਕਿ ਇਹ ਕਿ ਉਨ੍ਹਾਂ ਦੇ ਦਿਲਾਂ ਵਿਚ ਕੀ ਸੀ।

**ਆਇਤ 52.** ਕਹਾਣੀ ਵਿਚ ਤੀਜੀ ਵਾਰ, ਨੌਕਰ ਨੇ ਪਰਮੇਸ਼ੁਰ ਦੀ ਬੰਦਗੀ ਕੀਤੀ। ਪਹਿਲੀ ਵਾਰ ਉਸ ਦੀ ਪ੍ਰਾਰਥਨਾ ਉਸ ਨੌਜਵਾਨ ਇਸਤਰੀ ਨੂੰ ਖੋਜਣ ਵਿੱਚ ਸਫਲਤਾ ਦੇ ਲਈ ਸੀ ਜਿਸ ਨੂੰ ਪਰਮੇਸ਼ੁਰ ਨੇ ਇਸਹਾਕ ਦੇ ਲਈ ਯੋਗ ਪਤਨੀ ਦੇ ਰੂਪ ਵਿਚ ਚੁਣਿਆ ਸੀ (24:12-14)। ਦੂਸਰੀ ਵਾਰ ਉਸ ਨੇ ਸੀਸ ਝੁਕਾਇਆ ਅਤੇ ਯਹੋਵਾਹ ਦਾ ਧੰਨਵਾਦ ਕੀਤਾ ਕਿਉਂਕਿ ਉਸ ਨੇ ਉਸ ਦੇ ਮਾਲਕ ਦੇ ਰਿਸ਼ਤੇਦਾਰਾਂ ਦੇ ਘਰ ਵਿਚ ਪਹੁੰਚਣ ਵਿਚ ਉਸ ਦੀ ਅਗਵਾਈ ਕੀਤੀ ਸੀ (24:26, 27)। ਲਾਬਾਨ ਅਤੇ ਬਥੂਏਲ ਦੇ ਦੁਆਰਾ ਉਸ ਨੂੰ ਇਹ ਇਜਾਜ਼ਤ ਦੇਣ ਦੇ ਫੈਸਲੇ ਦੇ ਕਾਰਣ ਕਿ ਉਹ ਰਿਬਕਾਹ ਨੂੰ ਆਪਣੇ ਮਾਲਕ ਦੇ ਪੁੱਤਰ ਦੀ ਪਤਨੀ ਬਣਨ ਦੇ ਲਈ ਕਨਾਨ ਵਿਚ ਆਪਣੇ ਨਾਲ ਲੈ ਜਾਵੇ, **ਨੌਕਰ** ਨੇ ਤੀਸਰੀ ਵਾਰ ਪ੍ਰਾਰਥਨਾ ਕੀਤੀ ਅਤੇ ਵਡਿਆਈ ਅਤੇ ਪ੍ਰਸ਼ੰਸਾ ਵਿਚ **ਯਹੋਵਾਹ ਦੇ ਅੱਗੇ ਧਰਤੀ ਉੱਤੇ ਮੱਥਾ ਟੇਕਿਆ**।

**ਆਇਤ 53.** ਜਦੋਂ ਸਮਝੌਤਾ ਕਰ ਲਿਆ ਗਿਆ, ਤਾਂ ਅਬਰਾਹਾਮ ਦੇ **ਨੌਕਰ ਨੇ ਚਾਂਦੀ ਅਰ ਸੋਨੇ ਦੀਆਂ** ਕੀਮਤੀ **ਟੂੰਬਾਂ ਅਰ ਬਸਤ੍ਰ ਕੱਢਕੇ ਰਿਬਕਾਹ ਨੂੰ ਦਿੱਤੇ ...** । ਨੱਕ ਦੀ ਨੱਥ ਅਤੇ ਕੜਿਆਂ ਤੋਂ ਇਲਾਵਾ ਜੋ ਉਸ ਨੇ ਪਹਿਲਾਂ ਤੋਂ ਹੀ ਉਸ ਨੌਜਵਾਨ ਇਸਤਰੀ ਨੂੰ ਦਿੱਤੇ ਸਨ (24:22, 47), ਹੁਣ ਉਸ ਨੇ ਉਸ ਨੂੰ ਚਾਂਦੀ ਅਤੇ ਸੋਨੇ ਦੇ ਹੋਰ ਸਮਾਨ, ਦੇ ਨਾਲ ਨਾਲ ਕੀਮਤੀ ਕੱਪੜੇ ਵੀ ਪੇਸ਼ ਕੀਤੇ। ਇਹ ਰਿਬਕਾਹ ਦੇ ਘਰ ਛੱਡਣ ਅਤੇ ਇਸਹਾਕ ਦੇ ਨਾਲ ਵਿਆਹ ਕਰਨ ਦੇ ਲਈ ਉਤਸਾਹਿਤ ਕਰਨ ਦੇ ਲਈ ਉਦਾਰਤਾ ਅਤੇ ਚੰਗੀ ਇੱਛਿਆ ਦਾ ਇੱਕ ਹੋਰ ਪ੍ਰਦਰਸ਼ਣ ਹੋ ਸਕਦਾ ਹੈ।

ਨੌਕਰ ਨੇ **ਉਸ ਦੇ ਭਰਾ ਅਰ ਮਾਤਾ ਨੂੰ ਵੀ ਕੀਮਤੀ ਚੀਜ਼ਾਂ ਦਿੱਤੀਆਂ**। ਪ੍ਰਾਚੀਨ ਨਿਕਟ ਪੂਰਬ ਵਿਚ ਪਰਿਵਾਰ ਨੂੰ "ਲਾੜੀ ਦਾ ਮੁੱਲ" (מֹהַר, *ਮੋਹਰ*)[15] ਭਰਨਾ ਇੱਕ ਨਿਯਮਿਤ ਅਭਿਆਸ ਸੀ। ਲਾੜੇ ਦੇ ਪਰਿਵਾਰ ਦੀ ਜਾਇਦਾਦ ਦੇ ਆਧਾਰ ਤੇ, ਇਸ ਵਿਚ ਧੀ ਦੇ ਨੁਕਸਾਨ

ਦੇ ਮੁਆਵਜ਼ੇ ਦੇ ਰੂਪ ਵਿਚ ਪੇਸ਼ ਕੀਤੇ ਗਏ ਕੀਮਤੀ ਤੋਹਫ਼ੇ ਸ਼ਾਮਲ ਹੋ ਸਕਦੇ ਸਨ।ਇਹ ਰਕਮ ਇੱਕ ਆਮ ਮਜ਼ਦੂਰ ਦੀ ਕਈ ਸਾਲਾਂ ਦੀ ਮਜ਼ਦੂਰੀ ਦੇ ਬਰਾਬਰ ਹੋ ਸਕਦੀ ਹੈ (ਵੇਖੋ 29:18-20)।[16] ਲਾਬਾਨ ਅਤੇ ਰਿਬਕਾਹ ਦੀ ਮਾਂ ਨੂੰ ਜੋ "ਕੀਮਤੀ ਚੀਜ਼ਾਂ" ਦਿੱਤੀਆਂ ਗਈਆਂ ਸਨ ਉਹ ਲਾੜੀ ਦੇ ਮੁੱਲ ਦੇ ਬਰਾਬਰ ਹੋ ਸਕਦੀਆਂ ਹਨ।

**ਆਇਤ 54.** ਲੰਬੀ ਚਰਚਾ ਖਤਮ ਹੋ ਗਈ ਸੀ, ਰਿਬਕਾਹ ਦੇ ਲਈ ਅਬਰਾਹਾਮ ਦੇ ਪੁੱਤਰ ਦੀ ਪਤਨੀ ਦੇ ਰੂਪ ਵਿਚ ਕਨਾਨ ਵਿਚ ਜਾਣ ਦੀਆਂ ਸਾਰੀਆਂ ਤਿਆਰੀਆਂ ਪੂਰਾ ਹੋ ਗਈਆਂ ਸਨ। ਫਿਰ ਨੌਕਰ ਅਤੇ ਉਸ ਦੇ **ਸਾਥੀਆਂ ਨੇ** ਰਿਬਕਾਹ ਦੇ ਪਰਿਵਾਰ ਦੇ ਨਾਲ **ਖਾਧਾ ਅਰ ਪੀਤਾ ਅਰ ਰਾਤ ਕੱਟੀ**। ਸੁਭਾਵਿਕ ਤੌਰ ਤੇ, ਨੌਕਰ ਕਨਾਨ ਨੂੰ ਜਾਣ ਦੇ ਲਈ ਉਤਸੁਕ ਸੀ ਤਾਂਕਿ ਉਹ ਆਪਣੇ ਮਾਲਕ ਦੇ ਨਾਲ ਖੁਸ਼ਖਬਰੀ ਨੂੰ ਸਾਂਝਾ ਕਰ ਸਕੇ। ਆਖਿਰਕਾਰ, ਉਸ ਨੂੰ ਆਏ ਹੋਏ ਹੁਣ ਸ਼ਾਇਦ ਇੱਕ ਮਹੀਨੇ ਜਾਂ ਉਸ ਤੋਂ ਵੀ ਵੱਧ ਹੋ ਚੁੱਕਾ ਸੀ। **ਤੜਕੇ ਉੱਠਕੇ** ਨੌਕਰ ਨੇ **ਆਖਿਆ, ਮੈਨੂੰ ਮੇਰੇ ਸਵਾਮੀ ਦੇ ਕੋਲ ਤੋਰ ਦਿਓ**।

ਨੌਕਰ ਦੀ ਛੇਤੀ ਜਾਣ ਦੀ ਮੰਗ ਮੂੰਹਫੱਟ ਜਾਂ ਨਿਮਰਤਾ ਸਹਿਤ ਸੀ?ਮੂੰਹਫੱਟ ਮੰਗ ਦੇ ਪੱਖ ਵਿਚ ਇਹ ਤੱਥ ਹੈ ਕਿ ਉਸ ਨੇ ਇਹ ਨਹੀਂ ਕਿਹਾ, "ਕਿਰਪਾ ਕਰਕੇ ਮੈਨੂੰ ਮੇਰੇ ਮਾਲਕ ਦੇ ਕੋਲ ਭੇਜ ਦਿਓ।" ਇਸ ਵਿਚ ਥੋੜੀ ਜਿਹੀ ਜਿਦ ਦੀ ਭਾਵਨਾ ਦਿਖਾਈ ਦਿੰਦੀ ਹੈ ਕਿ ਉਹ ਜਾਣ ਦੀ ਬੇਨਤੀ ਕਰਨ ਦੀ ਬਜਾਇ ਤੁਰੰਤ ਚਲੇ ਗਏ।[17] ਨਿਮਰਤਾ ਸਹਿਤ ਅਪੀਲ ਦੇ ਪੱਖ ਵਿਚ ਇਹ ਹੈ ਕਿ ਨੌਕਰ ਨੇ ਇਸ ਤਰ੍ਹਾਂ ਗੱਲ ਕੀਤੀ ਸੀ ਕਿ ਉਸ ਨੇ ਆਪਣਾ ਕੰਮ ਨਿਪਟਾ ਲਿਆ ਹੈ ਅਤੇ ਉਹ ਉਨ੍ਹਾਂ ਨੂੰ ਪੁੱਛ ਰਿਹਾ ਸੀ ਕਿ ਉਹ ਉਸ ਨੂੰ ਭੇਜ ਦੇਣ। ਇਹ ਸ਼ਾਇਦ ਇਹ ਗੱਲ ਪੁੱਛਣ ਦਾ ਇੱਕ ਚਲਾਕੀ ਭਰਿਆ ਤਰੀਕਾ ਸੀ ਕਿ ਉਹ ਰਿਬਕਾਹ ਨੂੰ ਉਸ ਦੇ ਨਾਲ ਕਨਾਨ ਜਾਣ ਲਈ ਤਿਆਰ ਕਰ ਦੇਣ।[18] ਕਿਉਂਕਿ ਸਾਨੂੰ ਇਹ ਨਹੀਂ ਪਤਾ ਕਿ ਨੌਕਰ ਨੇ ਕਿਸ ਪ੍ਰਕਾਰ ਪੁੱਛਿਆ ਹੋਵੇਗਾ, ਇਸ ਲਈ ਉਸ ਦੇ ਬਿਆਨ ਦੀ ਵਿਆਖਿਆ ਕਰਨ ਦਾ ਕੋਈ ਤਰੀਕਾ ਨਹੀਂ ਹੈ।ਇੰਝ ਜਾਪਦਾ ਹੈ ਕਿ ਨੌਕਰ ਦੀ ਬੇਨਤੀ ਨਿਮਰਤਾ ਪੂਰਣ ਸੀ। ਜੇਕਰ ਆਪਣੀ ਕਾਰਵਾਈ ਦੇ ਇਸ ਪੜਾਅ ਵਿਚ ਉਹ ਬਹੁਤ ਹੀ ਮੂੰਹਫੱਟ ਹੁੰਦਾ ਅਤੇ ਉਸ ਨੇ ਲਾਬਾਨ ਅਤੇ ਰਿਬਕਾਹ ਦੀ ਮਾਂ ਨੂੰ ਨਰਾਜ਼ ਕਰ ਦਿੱਤਾ ਹੁੰਦਾ, ਤਾਂ ਉਸ ਦਾ ਆਪਣਾ ਪੂਰਾ ਮਿਸ਼ਨ ਖਤਰੇ ਵਿਚ ਪੈ ਜਾਣਾ ਸੀ।

**ਆਇਤ 55.** ਇਸ ਪ੍ਰਕਾਰ ਦੀ ਜਲਦੀਬਾਜ਼ੀ ਵਿਚ ਨਿਕਲਣ ਦੇ ਵਿਚਾਰ ਨੇ ਜਾਹਿਰ ਤੌਰ ਤੇ ਰਿਬਕਾਹ ਦੇ ਪਰਿਵਾਰ ਨੂੰ ਹੈਰਾਨ ਕਰ ਦਿੱਤਾ। ਇਹ ਜਾਣਦੇ ਹੋਏ ਕਿ ਸ਼ਾਇਦ ਉਹ ਦੁਬਾਰਾ ਕਦੀ ਵੀ ਉਸ ਨੂੰ ਨਹੀਂ ਵੇਖ ਸਕਦੇ ਹਨ, ਉਹ ਚਾਹੁੰਦੇ ਸਨ ਕਿ ਕਨਾਨ ਲਈ ਰਵਾਨਾ ਹੋਣ ਤੋਂ ਪਹਿਲਾਂ ਉਹ **ਥੋੜੇ ਦਿਨ ਅਥਵਾ ਦਸਕੁ ਦਿਨ** ਉਨ੍ਹਾਂ ਦੇ ਨਾਲ ਰਹੇ।

**ਆਇਤ 56.** ਪਰ, ਨੌਕਰ ਨੇ ਉਨ੍ਹਾਂ ਨੂੰ ਕਿਹਾ, **ਮੈਨੂੰ ਨਾ ਡੱਕੋ ਕਿਉਂਜੋ ਯਹੋਵਾਹ ਨੇ ਮੇਰਾ ਪੈਂਡਾ ਸੁਫਲ ਕੀਤਾ ਹੈ।** ਪਰਮੇਸ਼ੁਰ ਨੇ ਇਸਹਾਕ ਦੇ ਲਈ ਉਚਿਤ ਪਤਨੀ ਦੀ ਭਾਲ ਦੇ ਉਸ ਦੇ ਮਿਸ਼ਨ ਨੂੰ ਅਸੀਸ ਦਿੱਤੀ ਸੀ, ਅਤੇ ਹੁਣ ਇਹ ਘਰ ਵਾਪਸ ਪਰਤ ਜਾਣ ਦਾ ਸਮਾਂ ਸੀ। ਇੱਕ ਹੋਰ ਵਿਚਾਰ ਜੋ ਨੌਕਰ ਦੇ ਫੈਸਲੇ ਤੇ ਪ੍ਰਭਾਵ ਪਾ ਸਕਦਾ ਸੀ ਉਹ ਇਹ ਵਿਚਾਰ ਸੀ ਕਿ ਆਲਸ ਰਿਬਕਾਹ ਅਤੇ/ਜਾਂ ਉਸ ਦੇ ਮਾਤਾ-ਪਿਤਾ ਨੂੰ ਮਨ ਬਦਲਣ ਦਾ ਮੌਕਾ ਦੇ ਸਕਦਾ ਸੀ। ਇਸ ਕਾਰਣ ਉਸ ਦਾ ਮਿਸ਼ਨ ਅਸਫਲ ਹੋ ਜਾਣਾ ਸੀ। ਦੂਸਰੀ ਵਾਰ, ਉਸ ਨੇ ਕਿਹਾ, **ਮੈਨੂੰ ਘੱਲ ਦਿਓ ਤਾਂਜੋ ਮੈਂ ਆਪਣੇ ਸਵਾਮੀ ਦੇ ਕੋਲ ਜਾਵਾਂ।**

**ਆਇਤ 57.** ਇੱਥੋਂ ਤੱਕ ਕਿ ਇਸ ਅਤਿਰਿਕਤ ਛੇਤੀ ਭੇਜਣ ਦੀ ਬੇਨਤੀ ਨਾਲ ਵੀ ਲਾਬਾਨ

ਅਤੇ ਉਸ ਦੀ ਮਾਂ ਨੂੰ ਭਰੋਸਾ ਨਹੀਂ ਸੀ ਕਿ ਰਿਬਕਾਹ ਦੇ ਲਈ ਇਨ੍ਹਾਂ ਛੇਤੀ ਜਾਣਾ ਜ਼ਰੂਰੀ ਹੈ।ਉਨ੍ਹਾਂ ਨੇ ਫੈਸਲਾ ਲਿਆ ਕਿ ਅਸੀਂ **ਛੋਕਰੀ ਨੂੰ ਬੁਲਾਉਂਦੇ ਹਾਂ ਅਰ ਉਹ ਦੇ ਮੂੰਹੋਂ ਪੁੱਛਦੇ ਹਾਂ** ਕਿ ਕੀ ਉਹ ਅਬਰਾਹਾਮ ਦੇ ਇਨ੍ਹਾਂ ਨੌਕਰਾਂ ਦੇ ਨਾਲ ਤੁਰੰਤ ਜਾਣ ਦੇ ਲਈ ਤਿਆਰ ਹੈ ਕਿ ਨਹੀਂ।

**ਆਇਤ 58.** ਸ਼ਾਇਦ ਲਾਬਾਨ ਨੇ ਸੋਚਿਆ ਹੋਵੇਗਾ ਕਿ ਘਰ ਦੇ ਨਾਲ ਉਸ ਦੀ ਭੈਣ ਦਾ ਕੁਦਰਤੀ ਲਗਾਵ ਹੋਣ ਦੇ ਕਾਰਣ ਉਹ ਰੁੱਕ ਜਾਵੇਗੀ। ਇਸ ਲਈ, ਜਦੋਂ ਉਨ੍ਹਾਂ ਨੇ **ਰਿਬਕਾਹ** ਨੂੰ ਪੁੱਛਿਆ ਕਿ ਕੀ ਤੂੰ ਜਾਵੇਂਗੀ, ਤਾਂ ਉਹ ਉਸ ਦੇ ਦੁਆਰਾ ਤੁਰੰਤ ਦਿੱਤੇ ਗਏ ਉੱਤਰ ਤੋਂ ਦੰਗ ਰਹਿ ਗਏ: **ਮੈ ਜਾਵਾਂਗੀ।** ਉਸ ਨੂੰ ਪੱਕਾ ਯਕੀਨ ਸੀ ਕਿ ਨੌਕਰ ਦੇ ਸ਼ਬਦ ਸੱਚ ਸਨ ਅਤੇ ਇਹ ਇੱਕ ਰੱਬੀ ਬੁਲਾਹਟ ਸੀ। ਉਹ ਇਸ ਗੱਲ ਨੂੰ ਸਮਝ ਗਈ ਸੀ ਕਿ ਉਸ ਦਾ ਭਾਗ ਹਾਰਾਨ ਦੇ ਵਿਚ ਉਸ ਦੇ ਪਰਿਵਾਰ ਦੇ ਨਾਲ ਨਹੀਂ ਸੀ, ਸਗੋਂ ਬਹੁਤ ਦੂਰ ਕਨਾਨ ਵਿਚ, ਇਸਹਾਕ ਦੀ ਪਤਨੀ ਦੇ ਰੂਪ ਵਿਚ ਸੀ। ਇਸ ਫੈਸਲੇ ਦੇ ਨਾਲ, ਉਸ ਨੇ ਵਿਸ਼ਵਾਸ ਦਾ ਇੱਕ ਸਫਰ ਸ਼ੁਰੂ ਕੀਤਾ ਜੋ ਕਈ ਸਾਲ ਪਹਿਲਾਂ ਮਸੋਪੋਤਾਮੀਆ ਤੋਂ ਅਬਰਾਹਾਮ ਦੀ ਬੁਲਾਹਟ ਦੀ ਇੱਕ ਯਾਦਗਾਰ ਹੈ (12:1-5)।

**ਆਇਤ 59**. ਰਿਬਕਾਹ ਦੇ ਦ੍ਰਿੜ੍ਹ ਉੱਤਰ ਨੇ ਇਸ ਗੱਲ ਨੂੰ ਜਾਹਿਰ ਕੀਤਾ ਕਿ ਉਸ ਨੂੰ ਭਰਮਾਇਆ ਨਹੀਂ ਜਾ ਸਕਦਾ ਹੈ, ਇਸ ਲਈ **ਉਨ੍ਹਾਂ ਨੇ** [ਨਾ ਚਾਹੁੰਦੇ ਹੋਏ] **ਰਿਬਕਾਹ ਆਪਣੀ ਭੈਣ** ਨੂੰ ਭੇਜ ਦਿੱਤਾ। ਇਸ ਪ੍ਰਸੰਗ ਵਿਚ ਸ਼ਬਦ "ਭੈਣ" ਦਾ ਇਸਤੇਮਾਲ ਕਈ ਲੋਕਾਂ ਦੇ ਲਈ ਇਹ ਸੋਚਣ ਦਾ ਕਾਰਣ ਹੋ ਸਕਦਾ ਹੈ ਕਿ ਰਿਬਕਾਹ ਦੀ ਵਿਦਾਈ ਦੇ ਸਮੇਂ ਸਿਰਫ ਉਸ ਦੇ ਭੈਣ-ਭਰਾਵਾਂ ਨੇ ਉਸ ਨੂੰ ਵਿਦਾ ਕੀਤਾ ਸੀ, ਕਿਉਂਕਿ ਉਸ ਦੇ ਮਾਤਾ ਪਿਤਾ ਉਸ ਨੂੰ ਭੇਜਣ ਦੇ ਸਮੇਂ ਬਹੁਤ ਹੀ ਦੁੱਖੀ ਹੋਏ ਸਨ। ਪਰ, ਸ਼ਬਦ "ਭੈਣ" ਸ਼ਾਇਦ "ਮਾਦਾ ਰਿਸ਼ਤੇਦਾਰ," ਦੇ ਲਈ ਵਰਤਿਆ ਗਿਆ ਹੈ, ਜਿਵੇਂ "ਭਰਾ" ਸ਼ਬਦ ਇੱਕ "ਪੁਰਸ਼ ਰਿਸ਼ਤੇਦਾਰ" ਦੇ ਵਿਸ਼ੇ ਵਿਚ ਦੱਸਦਾ ਹੈ (13:8; 24:27)। ਸਭ ਤੋਂ ਵੱਧ ਸੰਭਾਵਨਾ ਇਸ ਗੱਲ ਦੀ ਹੈ ਕਿ ਵਿਦਾਈ ਦੇ ਸਮੇਂ ਸਾਰਾ ਪਰਿਵਾਰ ਹੀ ਅਲਵਿਦਾ ਕਹਿਣ ਦੇ ਲਈ ਸ਼ਾਮਲ ਹੋਇਆ ਸੀ।

ਰਿਬਕਾਹ ਦੀ ਆਪਣੀ ਨਿਜੀ **ਦਾਈ** ਦੇ ਦੁਆਰਾ, ਜਿਸ ਨੇ ਬਚਪਨ ਵਿਚ ਉਸ ਨੂੰ ਦੁੱਧ ਚੁੰਘਾਇਆ ਸੀ, ਜਿਸ ਦਾ ਨਾਮ ਦਬੋਰਾਹ ਸੀ (35:8) ਉਸ ਦੀ ਦੇਖਭਾਲ ਕੀਤੀ।[19] ਉਸ ਦੀਆਂ ਹੋਰ ਨੌਕਰਾਣੀਆਂ ("ਦਾਸੀਆਂ"; 24:61) ਵੀ ਸਨ, ਜੋ ਇਸਹਾਕ ਦੇ ਘਰ ਵਿਚ ਇੱਕ ਪਤਨੀ ਅਤੇ ਮਾਂ ਦੇ ਰੂਪ ਵਿਚ ਉਸ ਦੀਆਂ ਨਵੀਆਂ ਜ਼ਿੰਮੇਵਾਰੀਆਂ ਦੇ ਵਿਚ ਉਸ ਦੀ ਮਦਦ ਕਰਨਗੀਆਂ। ਹੋ ਸਕਦਾ ਹੈ ਕਿ ਦਾਈ ਅਤੇ ਨੌਕਰਾਣੀਆਂ ਉਸ ਦੇ ਦਾਜ ਦਾ ਇੱਕ ਹਿੱਸਾ ਸਨ ਜੋ ਉਸ ਦੇ ਪਰਿਵਾਰ ਦੇ ਦੁਆਰਾ ਉਸ ਨੂੰ ਦਿੱਤਾ ਗਿਆ ਸੀ।[20] ਇਸ ਮੁਹਾਸਿਰੇ ਨੂੰ **ਅਬਰਾਹਾਮ ਦੇ ਨੌਕਰ ਅਰ ਉਸ ਦੇ ਸਾਥੀਆਂ** ਦੇ ਦੁਆਰਾ ਯਾਤਰਾ ਵਿਚ ਸੁਰੱਖਿਅਤ ਅਤੇ ਸਹੀ-ਸਲਾਮਤ ਪਹੁੰਚਾਇਆ ਜਾਵੇਗਾ।

**ਆਇਤ 60.** ਪਰਿਵਾਰ ਤੋਂ ਵਿਦਾ ਹੋਣ ਤੋਂ ਪਹਿਲਾਂ ਪਰਿਵਾਰ ਨੇ **ਰਿਬਕਾਹ** ਨੂੰ ਦੁੱਗਣੀ ਬਰਕਤ ਦਿੱਤੀ। ਉਸ ਦਾ ਪਹਿਲਾ ਹਿੱਸਾ ਸੀ ਕਿ **ਤੇਰੀ ਅੰਸ** ਵੱਧ ਕੇ **ਹਜ਼ਾਰਾਂ ਅਤੇ ਲੱਖਾਂ** ਦੀ ਤਦਾਦ ਵਿਚ ਹੋ ਜਾਵੇ। ਦੂਸਰਾ ਹਿੱਸਾ ਸੀ ਕਿ ਉਸ ਦੀ ਅੰਸ ਯੁੱਧ ਵਿਚ ਜੇਤੂ ਹੋਵੇ ਅਤੇ **ਵੈਰੀਆਂ ਦੇ ਫਾਟਕ ਦੀ ਅਧਿਕਾਰੀ ਹੋਵੇ**। ਇਹ ਉਨ੍ਹਾਂ ਬਰਕਤਾਂ ਵਿਚੋਂ ਇੱਕ ਦੇ ਸਮਾਨ ਹੈ ਜੋ ਪਰਮੇਸ਼ੁਰ ਨੇ ਅਬਰਾਹਾਮ ਦੇ ਉੱਤੇ ਬੋਲੀਆਂ ਸਨ: "ਮੈਂ ਤੈਨੂੰ ਬਰਕਤਾਂ ਤੇ ਬਰਕਤਾਂ ਦਿਆਂਗਾ ਅਰ *ਮੈਂ ਤੇਰੀ ਅੰਸ ਨੂੰ* ਅਕਾਸ਼ ਦੇ ਤਾਰਿਆਂ ਜਿੰਨੀ ਅਰ ਸਮੁੰਦਰ ਦੇ ਕੰਢੇ ਦੀ ਰੇਤ ਵਾਂਙੂ *ਅੱਤ ਵਧਾਵਾਂਗਾ* ਅਰ *ਤੇਰੀ ਅੰਸ ਆਪਣੇ ਵੈਰੀਆਂ ਦੇ ਫਾਟਕ ਉੱਤੇ ਕਬਜ਼ਾ ਕਰੇਗੀ*" (22:17; ਜ਼ੋਰ ਦਿੱਤਾ ਗਿਆ ਹੈ)।

ਅੰਸ ਦੇ ਵਿਸ਼ੇ ਵਿਚ, ਪਰਮੇਸ਼ੁਰ ਨੇ ਸਾਰਾਹ ਨੂੰ ਵੀ ਇਹ ਕਹਿੰਦੇ ਹੋਏ, ਬਰਕਤ ਦਿੱਤੀ ਸੀ ਕਿ "ਉਹ ਕੌਮਾਂ ਦੀ ਮਾਤਾ" ਹੋਵੇਗੀ (17:16)।

**ਆਇਤ 61.** ਨੌਕਰ ਨੇ ਹਾਰਾਨ ਦੇ ਵਿਚ ਆਪਣੇ ਮਾਲਕ ਦੇ ਹੁਕਮ ਨੂੰ ਇਸ ਪ੍ਰਕਾਰ ਪੂਰਾ ਕੀਤਾ ਕਿ ਉਸ ਨੇ ਰਿਬਕਾਹ ਅਤੇ ਉਸ ਦੇ ਪਰਿਵਾਰ ਨੂੰ ਇਹ ਵਿਸ਼ਵਾਸ ਦਿਵਾਇਆ ਕਿ ਉਸ ਦੇ ਲਈ ਪਰਮੇਸ਼ੁਰ ਦੀ ਇਹ ਇੱਛਾ ਸੀ ਕਿ ਉਹ ਜਾਵੇ ਅਤੇ ਅਬਰਾਹਾਮ ਦੇ ਪੁੱਤਰ ਨਾਲ ਵਿਆਹ ਕਰੇ। ਉਸ ਦੇ ਰਿਸ਼ਤੇਦਾਰਾਂਦੀ ਪ੍ਰਵਾਨਗੀ ਅਤੇ ਬਰਕਤ ਦੇ ਨਾਲ, **ਰਿਬਕਾਹ** ਅਤੇ **ਉਸ ਦੇ ਨਾਲ ਦੀਆਂਛੋਕਰੀਆਂ ... ਊਠਾਂ ਉੱਤੇ ਚੜ੍ਹ ਗਈਆਂ ਅਰ ਉਸ ਮਨੁੱਖ ਦੇ ਪਿੱਛੇ ਪਿੱਛੇ** ਕਨਾਨ ਦੇਸ ਦੀ ਲੰਬੀ ਯਾਤਰਾ ਤੇ **ਤੁਰ ਪਈਆਂ**। ਉਹ ਊਠ ਜਿਨ੍ਹਾਂ ਦਾ ਇਸਤੇਮਾਲ ਹਾਰਾਨ ਵਿਚ ਲਾੜੀ ਦੇ ਲਈ ਤੋਹਫ਼ਿਆਂ ਨੂੰ ਲਿਆਉਣ ਦੇ ਲਈ ਕੀਤਾ ਗਿਆ ਸੀ (24:10) ਉਨ੍ਹਾਂ ਨੂੰ ਰਿਬਕਾਹ ਅਤੇ ਉਸ ਦੀਆਂ ਦਾਸੀਆਂ ਦੀ ਵਾਪਸੀ ਯਾਤਰਾ ਦੇ ਸਮੇਂ ਆਵਾਜਾਈ ਦੇ ਸਾਧਨ ਦੇ ਰੂਪ ਵਿਚ ਵਰਤਿਆ ਗਿਆ।

## ਇਸਹਾਕ ਅਤੇ ਰਿਬਕਾਹ ਦਾ ਵਿਆਹ (24:62-67)

**62ਇਸਹਾਕ ਬਏਰ-ਲਹੀ-ਰੋਈ ਦੇ ਰਸਤੇ ਤੋਂ ਆਇਆ ਕਿਉਂਜੋ ਉਹ ਦੱਖਣ ਵਿੱਚ ਟਿਕਿਆ ਹੋਇਆ ਸੀ। 63ਜਾਂ ਇਸਹਾਕ ਸ਼ਾਮਾਂ ਦੇ ਵੇਲੇ ਖੇਤਾਂ ਵਿੱਚ ਗਿਆਨ ਧਿਆਨ ਕਰਨ ਲਈ ਬਾਹਰ ਗਿਆ ਤਾਂ ਉਸ ਆਪਣੀਆਂ ਅੱਖਾਂ ਚੁੱਕਕੇ ਡਿੱਠਾ ਅਰ ਵੇਖੋ ਊਠ ਆ ਰਹੇ ਸਨ। 64ਜਾਂ ਰਿਬਕਾਹ ਨੇ ਅੱਖਾਂ ਚੁੱਕਕੇ ਇਸਹਾਕ ਨੂੰ ਡਿੱਠਾ ਤਾਂ ਊਠ ਤੋਂ ਉੱਤਰ ਗਈ। 65ਉਹ ਨੇ ਨੌਕਰ ਕੋਲੋਂ ਪੁੱਛਿਆ, ਉਹ ਮਨੁੱਖ ਜਿਹੜਾ ਖੇਤ ਦੇ ਵਿੱਚ ਦੀ ਸਾਨੂੰ ਮਿਲਨ ਲਈ ਆਉਂਦਾ ਹੈ ਕੌਣ ਹੈ? ਅਤੇ ਨੌਕਰ ਨੇ ਆਖਿਆ, ਉਹ ਮੇਰਾ ਸਵਾਮੀ ਹੈ ਤਾਂ ਉਹ ਨੇ ਬੁਰਕਾ ਲੈਕੇ ਆਪ ਨੂੰ ਢੱਕ ਲਿਆ। 66ਫੇਰ ਨੌਕਰ ਨੇ ਸਾਰੀਆਂ ਗੱਲਾਂ ਜਿਹੜੀਆਂ ਉਸ ਕੀਤੀਆਂ ਸਨ ਇਸਹਾਕ ਨੂੰ ਦੱਸੀਆਂ। 67ਉਪਰੰਤ ਇਸਹਾਕ ਉਹ ਨੂੰ ਆਪਣੀ ਮਾਤਾ ਸਾਰਾਹ ਦੇ ਤੰਬੂ ਵਿੱਚ ਲੈ ਗਿਆ ਅਤੇ ਉਸ ਨੇ ਰਿਬਕਾਹ ਨੂੰ ਲਿਆ ਅਰ ਉਹ ਉਸ ਦੀ ਪਤਨੀ ਹੋਈ ਅਰ ਉਸ ਨੇ ਉਹ ਨੂੰ ਪਿਆਰ ਕੀਤਾ ਤਾਂ ਇਸਹਾਕ ਨੂੰ ਆਪਣੀ ਮਾਤਾ ਦੀ ਮੌਤ ਦੇ ਪਿੱਛੋਂ ਸ਼ਾਂਤ ਪ੍ਰਾਪਤ ਹੋਈ।**

**ਆਇਤ 62.** ਬਾਕੀ ਦੇ ਅਧਿਆਇ ਵਿਚ, ਲੇਖਕ ਨੇ ਹਾਰਾਨ ਦੇ ਲਈ ਨੌਕਰ ਦੇ ਮਿਸ਼ਨ ਦੇ ਸਫਲ ਸਿੱਟੇ ਦਾ ਵਰਣਨ ਕੀਤਾ। ਘਰ ਨੂੰ ਵਾਪਸ ਪਰਤਣ ਦੀ ਯਾਤਰਾ ਦਾ ਕੋਈ ਵੇਰਵਾ ਨਹੀਂ ਦਿੱਤਾ ਗਿਆ ਹੈ; ਕਹਾਣੀ ਰਵਾਨਗੀ (24:61) ਤੋਂ ਪਾਰ ਲੰਘ ਕੇ ਵਾਪਸ ਪਰਤਣ (24:62-66) ਤੇ ਪਹੁੰਚ ਜਾਂਦੀ ਹੈ। ਜਦੋਂ ਨੌਕਰ ਦਾ ਉਸ ਦੇ ਨਾਲ ਮੇਲ ਹੋਇਆ, ਤਾਂ **ਇਸਹਾਕ ਬਏਰ-ਲਹੀ-ਰੋਈ ਦੇ ਰਸਤੇ ਤੋਂ ਆਇਆ ਕਿਉਂਜੋ ਉਹ ਦੱਖਣ** ਦੇ ਇਲਾਕੇ **ਵਿੱਚ ਟਿਕਿਆ ਹੋਇਆ ਸੀ**। ਇਹ ਉਹ ਸਥਾਨ ਹੈ ਜਿੱਥੇ ਪਰਮੇਸ਼ੁਰ ਦਾ ਦੂਤ ਚਸ਼ਮੇ ਦੇ ਕੋਲ ਹਾਜਰਾ ਨੂੰ ਵਿਖਾਈ ਦਿੱਤਾ ਸੀ ਜਦੋਂ ਉਹ ਸਾਰਾਹ ਦੇ ਕੋਲੋਂ ਭੱਜ ਆਈ ਸੀ (16:7, 14)।

ਇਹ ਸਥਾਨ ਪ੍ਰਸ਼ਨਾਂ ਨੂੰ ਪੈਦਾ ਕਰਦਾ ਹੈ, ਕਿਉਂਕਿ ਲਿਖਤ ਵਿਚ ਜਿਸ ਆਖਰੀ ਸਥਾਨ ਦਾ ਉਲੇਖ ਕੀਤਾ ਗਿਆ ਹੈ ਉਹ ਮਮਰੇ, ਜਾਂ ਹਬਰੋਨ ਸੀ, ਜਿੱਥੇ ਸਾਰਾਹ ਨੂੰ ਦਫਨਾਇਆ ਗਿਆ ਸੀ (23:19)। (1) ਕੀ ਇਸਹਾਕ ਨੇ ਆਪਣੇ ਪਿਤਾ ਅਬਰਾਹਾਮ ਨੂੰ ਛੱਡ ਦਿੱਤਾ ਸੀ? ਇਹ ਹੋ ਸਕਦਾ ਹੈ ਕਿ ਇਸਹਾਕ ਦੀਆਂ ਭੇਡ-ਬੱਕਰੀਆਂ ਅਤੇ ਵੱਗ ਇੰਨੇ ਜ਼ਿਆਦਾ ਵੱਧ ਗਏ ਹੋਣ ਕਿ

ਉਹ ਆਪਣੇ ਪਿਤਾ ਤੋਂ ਵੱਖਰਾ ਹੋਣ ਦੇ ਲਈ ਮਜ਼ਬੂਰ ਹੋ ਗਿਆ ਹੋਵੇ, ਜਿਵੇਂ ਕਈ ਸਾਲ ਪਹਿਲਾਂ ਲੂਤ ਨੇ ਕੀਤਾ ਸੀ (13:5-12)। ਇੱਕ ਹੋਰ ਸੰਭਾਵਨਾ ਹੈ ਕਿ ਸ਼ਾਇਦ ਇਸਹਾਕ ਨੇ ਇਹ ਫੈਸਲਾ ਕਰ ਲਿਆ ਸੀ ਕਿ ਉਹ ਆਪਣੇ ਪਿਤਾ ਅਤੇ ਉਨ੍ਹਾਂ ਦੀ ਨਵੀਂ ਪਤਨੀ, ਕਟੂਰਾਹ ਦੇ ਨਾਲ ਇੰਨੀ ਨਜ਼ਦੀਕੀ ਵਿਚ ਨਹੀਂ ਰਹੇਗਾ (25:1)। (2) ਕੀ ਅਬਰਾਹਾਮ ਅਤੇ ਇਸਹਾਕ ਦੋਵੇਂ ਚਲੇ ਗਏ ਸਨ? ਹੋ ਸਕਦਾ ਹੈ ਕਿ ਉਨ੍ਹਾਂ ਨੇ ਇਸ ਕਾਰਣ ਹਬਰੋਨ ਛੱਡਿਆ ਹੋਵੇ ਕਿਉਂਕਿ ਮੌਸਮ ਬਦਲ ਗਿਆ ਸੀ ਅਤੇ ਉਹ ਕਿਸੇ ਹੋਰ ਜਗਾ ਤੇ ਆਪਣੇ ਝੁੰਡਾਂ ਨੂੰ ਚਰਾਉਣਾ ਚਾਹੁੰਦੇ ਸਨ (13:3, 4 ਤੇ ਟਿੱਪਣੀਆਂ ਵੇਖੋ)। ਇਸ ਮਾਮਲੇ ਦੇ, ਇਸ ਹਿੱਸੇ ਵਿਚ ਅਬਰਾਹਾਮ ਦਾ ਜ਼ਿਕਰ ਨਹੀਂ ਹੈ ਕਿਉਂਕਿ ਇਸਹਾਕ ਅਤੇ ਉਸ ਦੀ ਨਵੀਂ ਵਹੁਟੀ ਤੇ ਧਿਆਨ ਦਿੱਤਾ ਗਿਆ ਹੈ। ਇਸ ਕਹਾਣੀ ਦੇ ਵਿਚ ਇਸਹਾਕ ਵਧੇਰੇ ਮਹੱਤਵਪੂਰਣ ਵਿਅਕਤੀ ਬਣ ਗਿਆ ਹੈ, ਜਦਕਿ ਉਸ ਦਾ ਪਿਤਾ ਪਿਛੋਕੜ ਵੱਲ ਖਿਸਕ ਗਿਆ ਹੈ।

ਅਬਰਾਹਾਮ ਦੇ ਕਿਸੇ ਵੀ ਉਲੇਖ ਦੀ ਕਮੀ ਨੇ ਇਸ ਗੱਲ ਵੱਲ ਧਿਆਨ ਦੁਆਇਆ ਸੀ ਕਿ ਜਦੋਂ ਨੌਕਰ ਹਾਰਾਨ ਤੋਂ ਵਾਪਸ ਪਰਤ ਆਇਆ ਤਾਂ ਪੁਰਖਾ ਮਰ ਚੁੱਕਿਆ ਸੀ। ਪਰ, ਇਹ ਵਿਚਾਰ ਲਿਖਤ ਵਿਚ ਦਿੱਤੇ ਗਏ ਆਂਕੜਿਆਂ ਦੇ ਨਾਲ ਮੇਲ ਨਹੀਂ ਖਾਂਦਾ ਹੈ, ਜੋ ਇਸ ਗੱਲ ਨੂੰ ਪਰਗਟ ਕਰਦੇ ਹਨ ਕਿ ਇਸਹਾਕ ਅਤੇ ਰਿਬਕਾਹ ਦੇ ਵਿਆਹ ਤੋਂ ਬਾਅਦ ਅਬਰਾਹਾਮ ਪੈਂਤੀ ਸਾਲ ਹੋਰ ਜਿਉਂਦਾ ਰਿਹਾ (24:1 ਤੇ ਟਿੱਪਣੀਆਂ ਵੇਖੋ)।

**ਆਇਤ 63.** ਇਸ ਬਿੰਦੂ ਤੇ, **ਇਸਹਾਕ** ਦੇ ਵਿਸ਼ੇ ਵਿਚ ਬਹੁਤ ਘੱਟ ਦੱਸਿਆ ਗਿਆ ਹੈ; ਪਰ ਜਦੋਂ ਉਹ ਲਗਭਗ "ਚਾਲੀਆਂ ਸਾਲਾਂ" ਦਾ ਸੀ (25:20), ਤਾਂ ਰਿਕਾਰਡ ਦੱਸਦਾ ਹੈ ਕਿ ਉਹ **ਸ਼ਾਮਾਂ ਦੇ ਵੇਲੇ ਖੇਤਾਂ ਵਿੱਚ ਗਿਆਨ ਧਿਆਨ ਕਰਨ ਲਈ ਬਾਹਰ ਗਿਆ**।ਪੁਰਾਣੇ ਨੇਮ ਵਿਚ ਸ਼ਬਦ ੍ਹਾਸ਼ (*ਸੂਅਚ)* ਸਿਰਫਇਸ ਸਥਾਨ ਤੇ ਪਾਇਆ ਜਾਂਦਾ ਹੈ, ਇਸ ਲਈ ਇਸ ਦਾ ਅਰਥ ਅਨਿਸ਼ਚਤ ਹੈ। ਜਦੋਂ ਸੂਰਜ ਡੁੱਬ ਰਿਹਾ ਸੀ ਤਾਂ ਇਸਹਾਕ ਕੀ ਕਰ ਰਿਹਾ ਸੀ? ਭਾਵੇਂ ਇੱਥੇ ਸਰਵਸਹਿਮਤੀ ਨਹੀਂ ਹੈ, ਪਰ ਤਾਂ ਵੀ ਸੰਭਵ ਰੂਪ ਵਿਚ ਸ਼ਬਦ ਦਾ ਅਰਥ "ਮਨਨ ਕਰਨਾ" (KJV; NIV; ESV) ਜਾਂ "ਪ੍ਰਾਰਥਨਾ" ਕਰਨਾ ਹੈ।[21] ਉਸ ਨੂੰ ਪਤਾ ਸੀ ਕਿ ਉਸ ਦੇ ਪਿਤਾ ਨੇ ਆਪਣੇ ਸਭ ਤੋਂ ਭਰੋਸੇਮੰਦ ਨੌਕਰ ਨੂੰ ਹਾਰਾਨ ਭੇਜਿਆ ਸੀ ਤਾਂ ਕਿ ਉਹ ਉਸ ਦੇ ਰਿਸ਼ਤੇਦਾਰਾਂ ਦੇ ਵਿਚੋਂ ਉਸ ਦੇ ਲਈ ਇੱਕ ਪਤਨੀ ਨੂੰ ਲੈ ਕੇ ਆਵੇ। ਕੀ ਮਿਸ਼ਨ ਕਾਮਯਾਬ ਰਿਹਾ ਸੀ? ਜੇਕਰ ਅਜਿਹਾ ਹੈ, ਤਾਂ ਇਹ ਇਸਤਰੀ ਕਿਸ ਤਰ੍ਹਾਂ ਦੀ ਪਤਨੀ ਹੋ ਸਕਦੀ ਹੈ? ਉਸ ਦੇ ਧਿਆਨ ਵਿਚ ਪਰਮੇਸ਼ੁਰ ਦੇ ਸਾਹਮਣੇ ਨੌਕਰ ਦੀ ਸਫਲਤਾ ਦੇ ਲਈ ਪ੍ਰਾਰਥਨਾ, ਉਸ ਦੇ ਨਾਲ ਨਾਲ ਕਨਾਨ ਵਾਪਸ ਪਰਤਣ ਦੀ ਲੰਬੀ ਯਾਤਰਾ ਵਿਚ ਸੁਰੱਖਿਆ ਦੀ ਪ੍ਰਾਰਥਨਾ ਵੀ ਸ਼ਾਮਲ ਹੋ ਸਕਦੀ ਹੈ। ਜਿਵੇਂ ਹੀ ਇਸਹਾਕ ਨੇ ਪ੍ਰਾਰਥਨਾ ਕੀਤੀ ਅਤੇ ਧਿਆਨ ਲਾਇਆ, **ਤਾਂ ਉਸ ਆਪਣੀਆਂ ਅੱਖਾਂ ਚੁੱਕਕੇ** ਵੇਖਿਆ ਕਿ **ਊਠ ਆ ਰਹੇ ਸਨ**। ਇਸ ਪ੍ਰਕਾਰ ਉਸ ਨੂੰ ਉਸ ਇਸਤਰੀ ਦੀ ਇੱਕ ਝਲਕ ਦਿਸੀ ਜੋ ਉਸ ਦੀ ਪਤਨੀ ਬਣਨ ਦੇ ਲਈ ਚੁਣੀ ਗਈ ਸੀ।

**ਆਇਤ 64.** ਇੰਨੇ ਵਿਚ, **ਰਿਬਕਾਹ ਨੇ ਅੱਖਾਂ ਚੁੱਕਕੇ** ਆਪਣੇ ਹੋਣ ਵਾਲੇ ਪਤੀ ਦੀ ਪਹਿਲੀ ਝਲਕ ਵੇਖੀ। ਉਸ ਪਲ ਦੀ ਉਤਸੁਕਤਾ ਵਿਚ, ਉਹ **ਊਠ ਤੋਂ ਉੱਤਰ ਗਈ**, ਜੋ ਪ੍ਰਾਚੀਨ ਨਿਕਟ ਪੂਰਬ ਵਿਚ ਇੱਕ ਨਿਮਰਤਾ ਭਰੀ ਭੱਦਰਤਾ ਦੀ ਗੱਲ ਸੀ (ਯਹੋਸ਼ੁਆ 15:18; ਨਿਆਈਆਂ 1:14; 1 ਸਮੂਏਲ 25:23; 2 ਰਾਜਿਆਂ 5:21)।

**ਆਇਤ 65. ਉਹ ਨੇ ਨੌਕਰ** ਤੋਂ ਪੁੱਛਿਆ, **ਉਹ ਮਨੁੱਖ ਜਿਹੜਾ ਖੇਤ ਦੇ ਵਿੱਚ ਦੀ ਸਾਨੂੰ**

**ਮਿਲਨ ਲਈ ਆਉਂਦਾ ਹੈ ਕੌਣ ਹੈ?** ਸਪੱਸ਼ਟ ਤੌਰ ਤੇ, ਇਸਹਾਕ ਇੱਕ ਮੈਦਾਨ ਦੇ ਵਿਚੋਂ ਦੀ ਉਸ ਕਾਰਵਾਂ ਦੇ ਕੋਲ, ਇਹ ਸੋਚਦਾ ਹੋਇਆ ਆ ਰਿਹਾ ਸੀ, ਕਿ ਇਹ ਉਸ ਦੇ ਪਿਤਾ ਦੇ ਊਠ ਹੋ ਸਕਦੇ ਹਨ ਜੋ ਉਸ ਦੀ ਹੋਣ ਵਾਲੀ ਪਤਨੀ ਨੂੰ ਨਾਲ ਲੈ ਕੇ ਵਾਪਸ ਆ ਰਹੇ ਹਨ। **ਨੌਕਰ** ਨੇ ਉੱਤਰ ਦਿੱਤਾ, **ਉਹ ਮੇਰਾ ਸਵਾਮੀ ਹੈ**। ਇਸ ਸਮੇਂ ਤੱਕ ਨੌਕਰ ਨੇ ਹਮੇਸ਼ਾ ਅਬਰਾਹਾਮ ਨੂੰ ਆਪਣਾ ਸਵਾਮੀ ਕਿਹਾ ਸੀ। ਕੁਝ ਲੋਕ ਵਿਆਖਿਆ ਕਰਦੇ ਹਨ ਕਿ ਇਸ ਸਮੇਂ ਇਸਹਾਕ ਦਾ ਪਿਤਾ ਮਰ ਚੁੱਕਾ ਸੀ। ਇਹ ਇੱਕ ਗਲਤ ਧਾਰਣਾ ਹੈ, ਕਿਉਂਕਿ ਅਬਰਾਹਾਮ ਅਤੇ ਇਸਹਾਕ ਦੋਵੇਂ ਇਸ ਨੌਕਰ ਦੇ ਸਵਾਮੀ ਸਨ।

ਜਦੋਂ ਰਿਬਕਾਹ ਨੇ ਸੁਣਿਆ ਕਿ ਜੋ ਤੁਰਿਆ ਆ ਰਿਹਾ ਸੀ ਉਹ ਇਸਹਾਕ ਹੈ, **ਤਾਂ ਉਹ ਨੇ ਬੁਰਕਾ ਲੈਕੇ ਆਪ ਨੂੰ ਢੱਕ ਲਿਆ**। ਬੁਰਕਾ ਇਸ ਗੱਲ ਨੂੰ ਦਰਸਾਉਂਦਾ ਹੈ ਉਹ ਇੱਕ ਪਵਿੱਤਰ, ਅਣਵਿਆਹੀ ਕੁਆਰੀ ਸੀ; ਆਪਣੇ ਹੋਣ ਵਾਲੇ ਪਤੀ ਦੀ ਮੌਜੂਦਗੀ ਦੇ ਵਿਚ ਉਸ ਦਾ ਇਹ ਕੰਮ ਉੱਚ ਵਰਗ ਦੀ ਇੱਕ ਇਸਤਰੀ ਦੇ ਲਈ ਯੋਗ ਸੀ। ਇਹ ਰਿਵਾਜ ਦੱਸਦਾ ਹੈ ਕਿ ਕਿਵੇਂ ਬਾਅਦ ਵਿਚ ਯਾਕੂਬ ਨੂੰ ਉਸ ਦੇ ਵਿਆਹ ਵਾਲੀ ਰਾਤ ਨੂੰ ਧੋਖਾ ਦਿੱਤਾ ਗਿਆ ਸੀ: ਕਿਉਂਕਿ ਸ਼ਾਇਦ ਲੇਆਹ ਦੇ ਬੁਰਕੇ ਨੇ ਉਸ ਦੀਆਂ ਅੱਖਾਂ ਤੋਂ ਛੁੱਟ ਉਸ ਦੇ ਸਾਰੇ ਚੇਹਰੇ ਨੂੰ ਢੱਕਿਆ ਹੋਇਆ ਸੀ, ਜਿਸ ਦੇ ਕਾਰਣ ਉਹ ਨੂੰ ਇਸ ਗੱਲ ਦਾ ਪਤਾ ਨਹੀਂ ਲੱਗਾ ਕਿ ਉਸ ਦਾ ਵਿਆਹ ਇੱਕ ਗਲਤ ਇਸਤਰੀ ਦੇ ਨਾਲ ਹੋ ਰਿਹਾ ਸੀ (29:23-25)।

**ਆਇਤ 66.** ਵਾਪਸ ਆਉਣ ਤੇ, **ਨੌਕਰ ਨੇ ਵਾਪਰੀਆਂ ਹੋਈਆਂ ਸਾਰੀਆਂ ਗੱਲਾਂ ਇਸਹਾਕ ਨੂੰ ਦੱਸੀਆਂ** ਕਿ ਪਰਮੇਸ਼ੁਰ ਨੇ ਉਸ ਦੀਆਂ ਪ੍ਰਾਰਥਨਾਵਾਂ ਦਾ ਉੱਤਰ ਦਿੱਤਾ ਅਤੇ ਰਿਬਕਾਹ ਨੂੰ ਚੁਣਨ ਦੀ ਪੂਰੀ ਪ੍ਰਕਿਰਿਆ ਵਿਚ ਰੱਬੀ ਤਰੀਕੇ ਦੇ ਨਾਲ ਉਸ ਦਾ ਮਾਰਗ ਦਰਸ਼ਨ ਕੀਤਾ ਸੀ, ਅਤੇ ਉਸ ਦੇ ਪਰਿਵਾਰ ਨੂੰ ਕਾਇਲ ਕੀਤਾ ਕਿ ਉਹ ਇੱਕ ਬਰਕਤ ਦੇ ਨਾਲ ਉਸ ਨੂੰ ਜਾਣ ਦੇਣ, ਅਤੇ ਕਨਾਨ ਤੱਕ ਦੀ ਉਨ੍ਹਾਂ ਦੀ ਯਾਤਰਾ ਵਿਚ ਸੁਰੱਖਿਆ ਪ੍ਰਦਾਨ ਕੀਤੀ।ਨੌਕਰ ਇਹ ਜਾਣਦਾ ਸੀ ਕਿ ਇਹ ਚੀਜ਼ਾਂ ਸੰਜੋਗ ਨਾਲ ਨਹੀਂ ਹੋ ਸਕਦੀਆਂ ਸਨ।

**ਆਇਤ 67.** ਅਧਿਆਇ 24 ਦੀ ਕਹਾਣੀ **ਇਸਹਾਕ** ਅਤੇ **ਰਿਬਕਾਹ** ਦੇ ਵਿਆਹ ਦੇ ਨਾਲ ਆਪਣੇ ਉਦੇਸ਼ ਤੱਕ ਪਹੁੰਚਦੀ ਹੈ। ਉਨ੍ਹਾਂ ਦਾ ਇੱਕ ਹੋਣਾ ਪਰਮੇਸ਼ੁਰ ਦੇ ਬਾਕੀ ਵਾਇਦਿਆਂ ਦੀ ਪੂਰਤੀ ਨੂੰ ਸੰਭਵ ਬਣਾਵੇਗਾ। ਇਸ ਤੋਂ ਬਾਅਦ, ਇਸਹਾਕ ਦੀ ਭੂਮਿਕਾ ਅਬਰਾਹਾਮ ਦੇ ਪਰਿਵਾਰ ਦੇ ਮੁਖੀ ਦੀ ਹੋਵੇਗੀ, ਅਤੇ ਰਿਬਕਾਹ ਸਾਰਾਹ ਦੇ ਸਥਾਨ ਤੇ ਕੁਲਮਾਤਾ ਬਣ ਜਾਵੇਗੀ।

**ਇਸਹਾਕ ਉਹ** [ਰਿਬਕਾਹ] **ਨੂੰ ਆਪਣੀ ਮਾਤਾ ਸਾਰਾਹ ਦੇ ਤੰਬੂ ਵਿੱਚ ਲੈ ਗਿਆ**, ਕਿਉਂਕਿ ਜਦ ਤੱਕ ਉਨ੍ਹਾਂ ਦਾ ਵਿਆਹ ਨਾ ਹੁੰਦਾ ਉਦੋਂ ਤੱਕ ਉਸ (ਰਿਬਕਾਹ) ਦਾ ਉਸ ਦੇ ਤੰਬੂ ਵਿਚ ਜਾਣਾ ਉਚਿਤ ਨਹੀਂ ਸੀ ਹੋਣਾ। ਭਾਵੇਂ ਸਾਰਾਹ ਤਿੰਨਾਂ ਸਾਲਾਂ ਤੋਂ ਮਰ ਚੁੱਕੀ ਸੀ,[22] ਇਸਹਾਕ ਨੇ ਆਪਣੀ ਹੋਣ ਵਾਲੀ ਪਤਨੀ ਦੇ ਲਈ ਉਸ ਦੇ ਤੰਬੂ ਨੂੰ ਸੰਭਾਲ ਕੇ ਰੱਖਿਆ ਹੋਇਆ ਸੀ।

ਲਿਖਤ ਇਸ ਗੱਲ ਨੂੰ ਪਰਗਟ ਨਹੀਂ ਕਰਦੀ ਹੈ ਕਿ ਮੰਗਣੀ ਕੀਤੇ ਹੋਏ ਜੋੜੇ ਨੇ ਵਿਆਹ ਹੋਣ ਤੋਂ ਪਹਿਲਾਂ ਕਿੰਨੀ ਦੇਰ ਤੱਕ ਇੰਤਜ਼ਾਰ ਕੀਤਾ ਸੀ। ਹੋ ਸਕਦਾ ਹੈ ਕਿ ਇਸਹਾਕ ਨੇ ਵਿਆਹ ਵਿਚ ਉਸ ਸਮੇਂ ਤੱਕ ਦੇਰ ਕੀਤੀ ਹੋਵੇ ਜਦੋਂ ਤੱਕ ਅਬਰਾਹਾਮ ਜਸ਼ਨ ਵਿਚ ਹਿੱਸਾ ਨਹੀਂ ਲੈ ਸਕਦਾ ਸੀ ਅਤੇ ਆਪਣੇ ਪੁੱਤਰ, ਵਾਇਦੇ ਦੀ ਸੰਤਾਨ, ਨੂੰ ਆਪਣੇ ਭਰਾ ਨਾਹੋਰ ਦੀ ਪੋਤੀ (24:15) ਨੂੰ ਆਪਣੀ ਪਤਨੀ ਦੇ ਰੂਪ ਵਿਚ ਲੈ ਜਾਂਦੇ ਹੋਏ ਵੇਖ ਕੇ ਪ੍ਰਸੰਨ ਨਹੀਂ ਹੁੰਦਾ।

ਜਦੋਂ ਵੀ ਵਿਆਹ ਹੋਇਆ, ਰਿਬਕਾਹ **ਉਸ ਦੀ ਪਤਨੀ ਹੋਈ ਅਰ ਉਸ ਨੇ ਉਹ ਨੂੰ ਪਿਆਰ**

**ਕੀਤਾ**। ਬਾਈਬਲ ਦੀਆਂ ਵਿਆਹ ਦੀਆਂ ਕਹਾਣੀਆਂ ਵਿਚ ਅਕਸਰ ਪ੍ਰੇਮ ਦਾ ਜ਼ਿਕਰ ਨਹੀਂ ਹੁੰਦਾ ਹੈ, ਪਰ ਅਜਿਹਾ ਸ਼ਾਇਦ ਇਸ ਲਈ ਹੋ ਸਕਦਾ ਹੈ ਕਿਉਂਕਿ ਅਕਸਰ ਮਾਤਾ-ਪਿਤਾ ਵਿਆਹ ਦੀ ਵਿਵਸਥਾ ਕਰਦੇ ਹਨ ਅਤੇ ਜੋੜੇ ਉਸ ਸਮੇਂ ਤੱਕ ਵਿਆਹ ਕਰਨਾ ਨਹੀਂ ਸਿੱਖਦੇ ਹਨ ਜਦੋਂ ਤੱਕ ਉਨ੍ਹਾਂ ਦਾ ਵਿਆਹ ਨਹੀਂ ਹੋ ਜਾਂਦਾ ਹੈ।[23] ਪਰ, ਇੱਥੇ ਇਸਹਾਕ ਦੀਆਂ ਭਾਵਨਾਵਾਂ ਦਾ ਉਲੇਖ ਕੀਤਾ ਗਿਆ ਹੈ। ਉਹ ਆਪਣੀ ਮਾਂ ਦੇ ਮਰ ਜਾਣ ਦੇ ਕਾਰਣ ਬਹੁਤ ਹੀ ਦੁਖੀ ਸੀ ਅਤੇ ਤਿੰਨ ਸਾਲ ਬਾਅਦ ਵੀ ਉਸ ਦੇ ਘਾਟੇ ਤੋਂ ਪਰੇਸ਼ਾਨ ਸੀ। ਕਹਾਣੀਕਾਰ ਦੱਸਦਾ ਹੈ ਕਿ ਰਿਬਕਾਹ ਨੇ ਇਸਹਾਕ ਦੇ ਸੁੰਨੇਪਨ ਨੂੰ ਦੂਰ ਕਰ ਦਿੱਤਾ ਅਤੇ ਉਸ ਨੂੰ **ਆਪਣੀ ਮਾਤਾ ਦੀ ਮੌਤ ਦੇ ਪਿੱਛੋਂ ਸ਼ਾਂਤ ਪ੍ਰਾਪਤ ਹੋਈ**।

## ਪ੍ਰਾਸੰਗਿਕਤਾ

### ਇੱਕ ਨੌਕਰ ਦਾ ਵਿਸ਼ਵਾਸ (ਅਧਿਆਇ 24)

ਭਾਵੇਂ ਅਧਿਆਇ 24 ਦਾ ਮੁੱਖ ਵਿਸ਼ਾ ਇਸਹਾਕ ਦੇ ਲਈ ਇੱਕ ਪਤਨੀ ਦੀ ਖੋਜ ਕਰਨਾ ਹੈ, ਪਰ ਇਹ ਬਿਰਤਾਂਤ ਸਾਨੂੰ ਅਬਰਾਹਾਮ ਦੇ ਮੁੱਖ ਨੌਕਰ ਦੇ ਵਿਸ਼ਵਾਸ ਦੇ ਵਿਸ਼ੇ ਵਿਚ ਵੀ ਸਿਖਾਉਂਦਾ ਹੈ। ਸਾਨੂੰ ਉਸੇ ਪ੍ਰਕਾਰ ਦੇ ਵਿਸ਼ਵਾਸ ਦੇ ਲਈ ਸ਼ੰਘਰਸ਼ ਕਰਨਾ ਚਾਹੀਦਾ ਹੈ ਜੋ ਉਸ ਦੇ ਅੰਦਰ ਸੀ।

*ਗਵਾਹੀ ਦੇ ਅਧਾਰ ਤੇ ਵਿਸ਼ਵਾਸ* (24:1-9)। ਅਬਰਾਹਾਮ ਆਪਣੇ ਦਾਸ ਨਾਲ ਇਹ ਵਾਇਦਾ ਕਰਦੇ ਹੋਏ ਕਿ ਇਸਹਾਕ ਦੇ ਲਈ ਸਹੀ ਕੁਆਰੀ ਦੀ ਖੋਜ ਵਿਚ ਉਸ ਨੂੰ ਰੱਬੀ ਮਾਰਗਦਰਸ਼ਣ ਪ੍ਰਾਪਤ ਹੋਵੇਗਾ ਉਸ ਦੇ ਲਈ ਇੱਕ ਬਰਕਤ ਬਣ ਗਿਆ ਸੀ। ਲਿਖਤਾਂ ਵਿਚ ਕਈ ਮੌਕਿਆਂ ਨੂੰ ਲਿਖਿਆ ਗਿਆ ਹੈ ਜਦੋਂ ਪਰਮੇਸ਼ੁਰ ਨੇ ਸ਼ਕਤੀਸ਼ਾਲੀ ਕੰਮ ਕੀਤੇ: ਉਸ ਨੇ ਆਪਣੀ ਸ੍ਰਿਸ਼ਟੀ, ਜਲ ਪਰਲੋ, ਅਤੇ ਕੂਚ ਦੀਆਂ ਘਟਨਾਵਾਂ ਦੇ ਵਿਚ ਆਪਣੀ ਮਹਿਮਾ ਅਤੇ ਸ਼ਕਤੀ ਦਾ ਪ੍ਰਦਰਸ਼ਣ ਕੀਤਾ। ਇਸ ਅਧਿਆਇ ਵਿਚ ਪਰਮੇਸ਼ੁਰ ਨੂੰ ਇੱਕ ਵੱਖਰੇ ਤਰੀਕੇ ਦੇ ਨਾਲ ਕੰਮ ਕਰਨ ਵਾਲੇ ਦੇ ਰੂਪ ਵਿਚ ਦਰਸਾਇਆ ਗਿਆ ਹੈ: ਬਾਹਰੀ ਚਮਤਕਾਰਾਂ ਦੇ ਦੁਆਰਾ ਨਹੀਂ, ਸਗੋਂ ਰੱਬੀ ਦੇਖਭਾਲ ਦੇ ਦੁਆਰਾ। ਇਸ ਕਹਾਣੀ ਵਿਚ, ਉਸ ਨੇ ਆਮ ਮਨੁੱਖੀ ਕਾਰਵਾਈਆਂ ਦੁਆਰਾ, ਦ੍ਰਿਸ਼ਾਂ ਦੇ ਪਿੱਛੇ ਆਪਣੀ ਇੱਛਾ ਨੂੰ ਪੂਰਾ ਕੀਤਾ। ਪਰਮੇਸ਼ੁਰ ਨੇ ਅਬਰਾਹਾਮ ਦੇ ਨਾਲ ਗੱਲ ਕੀਤੀ ਅਤੇ ਕਈ ਮੌਕਿਆਂ ਤੇ ਆਪਣੇ ਆਪ ਨੂੰ ਉਸ ਤੇ ਪਰਗਟ ਕੀਤਾ; ਪਰ, ਜਿੱਥੋਂ ਤੱਕ ਅਸੀਂ ਜਾਣਦੇ ਹਾਂ, ਨਾ ਹੀ ਪੁਰਖੇ ਨੇ ਅਤੇ ਨਾ ਹੀ ਨੌਕਰ ਨੇ ਪਰਮੇਸ਼ੁਰ ਦੀ ਅਵਾਜ਼ ਨੂੰ ਸੁਣਿਆ ਜਾਂ ਇਸ ਅਧਿਆਇ ਦੀਆਂ ਘਟਨਾਵਾਂ ਦੇ ਦੌਰਾਨ ਕਿਸੇ ਵੀ ਰੱਬੀ ਦ੍ਰਿਸ਼ਟੀਕੋਣ ਦਾ ਅਨੁਭਵ ਨਹੀਂ ਕੀਤਾ ਸੀ।

ਇਸ ਦੀ ਬਜਾਇ, ਨੌਕਰ ਦਾ ਵਿਸ਼ਵਾਸ ਆਪਣੇ ਸਵਾਮੀ ਦੀ ਭਰੋਸੇਮੰਦ ਗਵਾਹੀ ਤੇ ਨਿਰਭਰ ਸੀ ਜੋ ਉਸ ਦੀ ਰੱਬੀ ਬੁਲਾਹਟ ਦਾ ਜ਼ਿਕਰ ਅਤੇ ਉਨ੍ਹਾਂ ਅਸੀਸਾਂ ਦੇ ਨਾਲ ਸੰਬੰਧਤ ਸੀ ਜੋ ਉਸ ਨੇ ਇੰਨੇ ਸਾਲਾਂ ਤੋਂ ਉਸ ਦੇ ਉੱਤੇ ਵਹਾਈਆਂ ਸਨ।ਵਿਸ਼ਵਾਸ ਅਦ੍ਰਿਸ਼ ਦੇ ਨਾਲ ਅਤੇ "ਜੋ ਅਜੇ ਨਹੀਂ ਹੈ" ਉਸ ਦੇ ਨਾਲ ਸੰਬੰਧਤ ਹੈ, ਅਤੇ ਇਹ ਪਰਮੇਸ਼ੁਰ ਦੀ ਇੱਛਾ ਨੂੰ ਇੰਨਾ ਵਾਸਤਵਿਕ ਬਣਾਉਂਦਾ ਹੈ ਕਿ ਇੱਕ ਵਿਅਕਤੀ ਇਸ ਦੇ ਅਨੁਸਾਰ ਕੰਮ ਕਰ ਸਕਦਾ ਹੈ।ਇਸ ਤਰ੍ਹਾਂ ਦੇ ਵਿਸ਼ਵਾਸ ਨੇ ਅਬਰਾਹਾਮ ਨੂੰ ਜੋ ਕੁਝ ਉਸ ਨੇ ਵੇਖਿਆ ਅਤੇ ਜਾਣਿਆ ਸੀ ਉਸ ਨੂੰ ਛੱਡਣ ਦੇ

ਲਈ ਅਤੇ ਇੱਕ ਅਣਦੇਖੀ ਜਗਾ ਤੇ ਜਾਣ ਲਈ ਅਤੇ ਉਨ੍ਹਾਂ ਬਰਕਤਾਂ ਦਾ ਅਨੁਭਵ ਕਰਨ ਦੇ ਲਈ ਪ੍ਰੇਰਿਤ ਕੀਤਾ ਸੀ ਜਿਨ੍ਹਾਂ ਦੀ ਉਹ ਕਲਪਨਾ ਵੀ ਨਹੀਂ ਕਰ ਸਕਦਾ ਸੀ (ਇਬਰਾਨੀਆਂ 11:1, 8-10)।

ਅਬਰਾਹਾਮ ਦੇ ਸ਼ਬਦਾਂ ਨੇ ਨੌਕਰ ਨੂੰ ਯਾਦ ਦਿਵਾਇਆ ਕਿ ਪਰਮੇਸ਼ੁਰ ਨਿਯੰਤਰਣ ਵਿਚ ਸੀ ਅਤੇ ਉਸ ਦੇ ਜੀਵਨ ਨੂੰ ਇੱਕ ਅਕਾਰ ਦੇ ਰਿਹਾ ਸੀ। ਉਹੀ ਸੀ ਜੋ ਅਬਰਾਹਾਮ ਨੂੰ "[ਉਸ ਦੀ] ਜਨਮ ਭੂਮੀ ਤੋਂ ਕੱਢ ਲੈ ਆਇਆ" (24:7) ਅਤੇ ਉਸ ਨੂੰ ਭਰਪੂਰ ਬਰਕਤ ਦਿੱਤੀ ਅਤੇ ਉਸ ਨੂੰ ਇਸ ਸਥਾਨ ਤੇ ਲੈ ਆਇਆ। ਇਹ ਘਟਨਾਵਾਂ ਅਚਾਨਕ ਨਹੀਂ ਹੋਈਆਂ ਸਨ; ਉਹ ਪਰਮੇਸ਼ੁਰ ਦੀ ਯੋਜਨਾ ਦਾ ਹਿੱਸਾ ਸਨ। ਹਾਰਾਨ ਵਿਚ ਇੱਕ ਪਤਨੀ ਦੀ ਖੋਜ ਵਿਚ ਨੌਕਰ ਦਾ ਜਾਣਾ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕਰਨ ਦੇ ਲਈ ਜ਼ਰੂਰੀ ਸੀ ਜਿਸ ਦੇ ਦੁਆਰਾ ਉਹ ਅਬਰਾਹਾਮ ਨੂੰ ਅਤੇ ਉਸ ਦੇ ਦੁਆਰਾ ਧਰਤੀ ਦਿਆਂ ਸਾਰਿਆਂ ਘਰਾਣਿਆਂ ਨੂੰ ਬਰਕਤ ਦੇ ਸਕੇ। ਇਸ ਲਈ, ਜਦੋਂ ਉਸ ਨੇ ਆਪਣੇ ਨੌਕਰ ਨੂੰ ਉਸ ਲੰਬੀ ਯਾਤਰਾ ਤੇ ਭੇਜਿਆ, ਤਾਂ ਅਬਰਾਹਾਮ ਨੇ ਉਸ ਨੂੰ ਇਹ ਮੰਨਦੇ ਹੋਏ ਵਿਸ਼ਵਾਸ ਨਾਲ ਚੱਲਣ ਲਈ ਉਤਸ਼ਾਹਿਤ ਕੀਤਾ ਕਿ ਪਰਮੇਸ਼ੁਰ ਉਸ ਦੀ ਅਗਵਾਈ ਕਰੇਗਾ ਕਿ ਉਹ ਇਸਹਾਕ ਦੇ ਲਈ ਉਚਿਤ ਪਤਨੀ ਦੀ ਭਾਲ ਕਰ ਸਕੇ, ਜਿਵੇਂ ਉਹ ਹਮੇਸ਼ਾ ਉਸ ਦੇ ਸਵਾਮੀ ਦੇ ਨਾਲ ਰਿਹਾ ਸੀ।

ਇੱਕ ਵਿਅਕਤੀ ਜੋ ਵਿਸ਼ਵਾਸ ਕਰਨ ਤੋਂ ਪਹਿਲਾਂ ਹਰ ਚੀਜ਼ ਨੂੰ ਵੇਖਣਾ ਚਾਹੁੰਦਾ ਹੈ ਉਸ ਦੇ ਅੰਦਰ ਉਸ ਪ੍ਰਕਾਰ ਦਾ ਵਿਸ਼ਵਾਸ ਨਹੀਂ ਹੈ ਜਿਸ ਨੂੰ ਪਰਮੇਸ਼ੁਰ ਅਸੀਸ ਦੇਵੇ ਅਤੇ ਉਸ ਦੇ ਉਦੇਸ਼ਾਂ ਨੂੰ ਪੂਰਾ ਕਰਨ ਦੇ ਲਈ ਇਸਤੇਮਾਲ ਕਰ ਸਕੇ। ਆਪਣੇ ਜੀ ਉੱਠਣ ਤੋਂ ਬਾਅਦ ਜਦੋਂ ਯਿਸੂ ਆਪਣੇ ਚੇਲਿਆਂ ਤੇ ਪਰਗਟ ਹੋਇਆ, ਤਾਂ ਥੋਮਾ ਉਨ੍ਹਾਂ ਦੇ ਨਾਲ ਨਹੀਂ ਸੀ। ਜਦੋਂ ਉਨ੍ਹਾਂ ਨੇ ਉਸ ਨੂੰ ਇਹ ਖੁਸ਼ਖਬਰੀ ਦਿੱਤੀ ਕਿ ਯਿਸੂ ਮਸੀਹ ਜ਼ਿੰਦਾ ਸੀ, ਤਾਂ ਉਸ ਨੇ ਅਵਿਸ਼ਵਾਸ ਦੇ ਨਾਲ ਉੱਤਰ ਦਿੱਤਾ, "ਜਿੰਨਾ ਚਿਰ ਮੈਂ ਉਹ ਦੇ ਹੱਥਾਂ ਵਿੱਚ ਕਿੱਲਾਂ ਦਾ ਨਿਸ਼ਾਨ ਨਾ ਵੇਖਾਂ ਅਤੇ ਕਿੱਲਾਂ ਦੇ ਨਿਸ਼ਾਨ ਵਿੱਚ ਆਪਣੀ ਉਂਗਲ ਨਾ ਵਾੜਾਂ ਅਰ ਵੱਖੀ ਵਿਚ ਆਪਣਾ ਹੱਥ ਨਾ ਵਾੜਾਂ ਓੱਨਾ ਚਿਰ ਮੈਂ ਕਦੇ ਸਤ ਨਾ ਮੰਨਾਂਗਾ" (ਯੂਹੰਨਾ 20:25)। ਯਿਸੂ ਥੋਮਾ ਦੇ ਪ੍ਰਤਿ ਦਿਆਲੂ ਸੀ। ਇੱਕ ਹਫਤੇ ਦੇ ਬਾਅਦ, ਉਹ ਉਸ ਉੱਤੇ ਪਰਗਟ ਹੋਇਆ ਅਤੇ ਕਿਹਾ, "ਆਪਣੀ ਉਂਗਲ ਉਰੇ ਕਰ ਅਤੇ ਮੇਰੇ ਹੱਥਾਂ ਨੂੰ ਵੇਖ ਅਰ ਆਪਣਾ ਹੱਥ ਉਰੇ ਕਰ ਕੇ ਮੇਰੀ ਵੱਖੀ ਵਿੱਚ ਵਾੜ ਅਤੇ ਬੇਪਰਤੀਤਾ ਨਾ ਹੋ ਸਗੋਂ ਪਰਤੀਤਮਾਨ ਹੋ" (ਯੂਹੰਨਾ 20:27)। ਇਸ ਤੇ, ਥੋਮਾ ਨੇ ਵਿਸ਼ਵਾਸ ਦੇ ਨਾਲ ਉਸ ਨੂੰ ਉੱਤਰ ਦਿੱਤਾ, "ਹੇ ਮੇਰੇ ਪ੍ਰਭੂ ਅਤੇ ਮੇਰੇ ਪਰਮੇਸ਼ੁਰ!" ਯਿਸੂ ਨੇ ਆਖਿਆ, "ਤੈਂ ਜੋ ਮੈਨੂੰ ਵੇਖਿਆ ਇਸੇ ਕਰਕੇ ਪਰਤੀਤ ਕੀਤੀ ਹੈ? ਧੰਨ ਓਹ ਜਿਨ੍ਹਾਂ ਨਹੀਂ ਵੇਖਿਆ ਤਾਂ ਵੀ ਪਰਤੀਤ ਕਰਦੇ ਹਨ" (ਯੂਹੰਨਾ 20:28, 29)। ਇਹ ਉਸ ਪ੍ਰਕਾਰ ਦਾ ਵਿਸ਼ਵਾਸ ਹੈ ਜੋ ਸਭ ਤੋਂ ਪਹਿਲੇ ਮਸੀਹੀ ਲੋਕਾਂ ਦੇ ਅੰਦਰ ਸੀ (1 ਪਤਰਸ 1:8) ਅਤੇ ਇਹੋ ਵਿਸ਼ਵਾਸ ਅੱਜ ਸਾਡੇ ਅੰਦਰ ਹੋਣਾ ਚਾਹੀਦਾ ਹੈ। ਅਸੀਂ ਉਸ ਦੇ ਮਹਿਮਾ ਨਾਲ ਭਰੇ ਹੋਏ ਜੀ ਉੱਠੇ ਹੋਏ ਸਰੀਰ ਨੂੰ ਨਹੀਂ ਵੇਖਿਆ ਹੈ, ਪਰ ਅਸੀਂ ਆਪਣੇ ਭਵਿੱਖ ਦੇ ਜੀ ਉੱਠਣ ਤੇ ਵਿਸ਼ਵਾਸ ਕਰਦੇ ਹਾਂ ਜੋ "ਅਜੇ ਨਹੀਂ" ਹੋਇਆ ਹੈ (1 ਕੁਰਿੰਥੀਆਂ 15:50-58; 1 ਥੱਸਲੁਨੀਕੀਆਂ 4:13-18)। ਸਾਡਾ ਵਿਸ਼ਵਾਸ ਪਰਮੇਸ਼ੁਰ ਤੋਂ ਪ੍ਰੇਰਣਾ ਪਾਏ ਹੋਏ ਰਸੂਲਾਂ ਦੀ ਉਸ ਗਵਾਹੀ ਤੇ ਅਧਾਰਤ ਹੈ, ਜਿਨ੍ਹਾਂ ਨੇ ਉਸ ਦੀ ਮੌਤ ਤੋਂ ਬਾਅਦ ਉਸ ਨੂੰ ਜੀਉਂਦਾ ਵੇਖਿਆ ਸੀ ਅਤੇ ਉਸ ਦੀ ਗਵਾਹੀ ਨੂੰ ਦਰਜ ਕੀਤਾ: "ਇਸ ਕਰਕੇ ਜੋ ਮੈਂ ਜੀਉਂਦਾ ਹਾਂ ਤੁਸੀਂ ਭੀ ਜੀਓਗੇ" (ਯੂਹੰਨਾ 14:19; ਵੇਖੋ 1 ਯੂਹੰਨਾ 3:1-3)।

ਇਹ ਉਹੀ ਵਿਸ਼ਵਾਸ ਹੈ ਜਿਸ ਦਾ ਅਨੁਸਰਣ ਕਰਨ ਦੇ ਲਈ ਇਬਰਾਨੀਆਂ ਦੇ ਲੇਖਕ ਨੇ ਆਪਣੇ ਪਾਠਕਾਂ ਨੂੰ ਬੁਲਾਇਆ ਸੀ ਜਦੋਂ ਉਸ ਨੇ ਕਿਹਾ ਕਿ "ਹੁਣ ਨਿਹਚਾ ਆਸ ਕੀਤੀਆਂ ਹੋਈਆਂ ਗੱਲਾਂ ਦਾ ਪੱਕਾ ਭਰੋਸਾ ਹੈ ਅਤੇ ਅਣਡਿੱਠ ਵਸਤਾਂ ਦੀ ਸਬੂਤੀ ਹੈ" (ਇਬਰਾਨੀਆਂ 11:1)। ਉਸ ਨੇ ਅੱਗੇ ਲਿਖਿਆ, "ਅਤੇ ਨਿਹਚਾ ਬਾਝੋਂ ਉਹ ਦੇ ਮਨ ਨੂੰ ਭਾਉਣਾ ਅਣਹੋਣਾ ਹੈ ਕਿਉਂਕਿ ਜਿਹੜਾ ਪਰਮੇਸ਼ੁਰ ਦੀ ਵੱਲ ਆਉਂਦਾ ਹੈ ਉਹ ਨੂੰ ਪਰਤੀਤ ਕਰਨੀ ਚਾਹੀਦੀ ਹੈ ਭਈ ਉਹ ਹੈ, ਨਾਲੇ ਇਹ ਭਈ ਉਹ ਆਪਣਿਆਂ ਤਾਲਿਬਾਂ ਦਾ ਫਲ-ਦਾਤਾ ਹੈ" (ਇਬਰਾਨੀਆਂ 11:6)। ਇਹ ਉਸ ਕਿਸਮ ਦਾ ਵਿਸ਼ਵਾਸ ਹੈ ਜੋ ਨੂਹ ਦੇ ਅੰਦਰ ਸੀ, ਹਾਲਾਂਕਿ ਉਸ ਨੇ ਦੁਨੀਆਂ ਭਰ ਵਿਚ ਜਲ ਪਰਲੋ ਕਦੀ ਵੀ ਨਹੀਂ ਵੇਖੀ ਸੀ; ਅਤੇ ਇਹੀ ਵਿਸ਼ਵਾਸ ਅਬਰਾਹਾਮ ਦੇ ਅੰਦਰ ਵੀ ਸੀ, ਜਿਸ ਨੇ ਅਜੇ ਤੱਕ ਉਨ੍ਹਾਂ ਬਰਕਤਾਂ ਵਿਚੋਂ ਕਿਸੇ ਦਾ ਵੀ ਅਨੁਭਵ ਨਹੀਂ ਕੀਤਾ ਸੀ ਜਿਨ੍ਹਾਂ ਦਾ ਪਰਮੇਸ਼ੁਰ ਨੇ ਉਸ ਦੇ ਨਾਲ ਵਾਇਦਾ ਕੀਤਾ ਸੀ (ਇਬਰਾਨੀਆਂ 11:7, 8)। ਜਿਸ ਕਿਸਮ ਦਾ ਵਿਸ਼ਵਾਸ ਪਰਮੇਸ਼ੁਰ ਚਾਹੁੰਦਾ ਹੈ ਉਸ ਵਿਚ ਦਿਖਾਈ ਦੇਣ ਵਾਲੀ ਮੌਜੂਦਗੀ ਦੀ, ਇੱਕ ਦੂਤ ਦੀ ਸੁਣੀ ਜਾਣ ਵਾਲੀ ਅਵਾਜ਼, ਜਾਂ ਇੱਕ ਨਾਟਕੀ ਚਮਤਕਾਰ ਦੀ ਕੋਈ ਲੋੜ ਨਹੀਂ ਹੁੰਦੀ ਹੈ। ਦੁਨੀਆਂ ਦੇ ਇਤਹਾਸ ਵਿਚ, ਜ਼ਿਆਦਾਤਰ ਵਿਸ਼ਵਾਸੀਆਂ ਨੇ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਵੇਖਿਆ ਜਾਂ ਅਨੁਭਵ ਨਹੀਂ ਕੀਤਾ ਹੈ। ਉਨ੍ਹਾਂ ਦਾ ਵਿਸ਼ਵਾਸ ਉਨ੍ਹਾਂ ਵਿਸ਼ਵਾਸਯੋਗ ਗਵਾਹਾਂ ਦੀਆਂ ਗਵਾਹੀਆਂ ਤੇ ਅਧਾਰਤ ਸੀ ਜੋ ਪੁਰਾਣੇ ਨੇਮ ਤੋਂ ਨਵੇਂ ਨੇਮ ਵਿਚ ਯਿਸੂ ਅਤੇ ਪਰਮੇਸ਼ੁਰ ਤੋਂ ਪ੍ਰੇਰਣਾ ਪਾਏ ਹੋਏ ਰਸੂਲਾਂ ਤੱਕ ਪਰਮੇਸ਼ੁਰ ਦੇ ਨਾਲ ਨਾਲ ਚੱਲਦੇ ਸਨ ਅਤੇ ਉਸ ਦੇ ਸ਼ਕਤੀਸ਼ਾਲੀ ਕੰਮਾਂ ਦਾ ਅਨੁਭਵ ਕਰਦੇ ਸਨ। ਜਦੋਂ ਅਸੀਂ ਇੰਜੀਲ ਦਾ ਬਿਰਤਾਂਤ ਸੁਣਦੇ ਹਾਂ, ਸਾਡੇ ਦਿਲ ਵਿਸ਼ਵਾਸ ਦੇ ਨਾਲ ਭਰ ਜਾਂਦੇ ਹਨ ਅਤੇ ਸਾਡੇ ਜੀਵਨ ਬਦਲ ਜਾਂਦੇ ਹਨ। ਇਸੇ ਲਈ ਵਿਸ਼ਵਾਸ ਇੱਕ "ਫਤਹ" ਹੈ ਜੋ "ਸੰਸਾਰ" ਉੱਤੇ ਫਤਹ ਪਾਉਂਦਾ ਹੈ (1 ਯੂਹੰਨਾ 5:4)।

*ਪ੍ਰਾਰਥਨਾ ਦੀ ਸ਼ਕਤੀ ਵਿਚ ਇੱਕ ਵਿਸ਼ਵਾਸ* (24:10-14)। ਅਬਰਾਹਾਮ ਪ੍ਰਾਰਥਨਾ ਦੀ ਸ਼ਕਤੀ ਦੀ ਗਵਾਹੀ ਦੇਣ ਦੇ ਕਾਰਣ ਆਪਣੇ ਨੌਕਰ ਦੇ ਲਈ ਇੱਕ ਅਸੀਸ ਸੀ। ਪੰਜ ਮੌਕਿਆਂ ਤੇ, ਵਰਣਨ ਕਰਤਾ ਨੇ ਦੱਸਿਆ ਕਿ ਅਬਰਾਹਾਮ ਨੇ ਬੰਦਗੀ, ਪ੍ਰਾਰਥਨਾ, ਅਤੇ/ਜਾਂ ਬਲੀਦਾਨ ਦੇ ਲਈ ਇੱਕ ਵੇਦੀ ਬਣਾਈ (12:7, 8; 13:4, 18; 22:9)। ਇਨ੍ਹਾਂ ਉਦਾਹਰਣਾਂ ਵਿਚੋਂ ਇੱਕ ਵਿਚ, ਅਸੀਂ ਪੜ੍ਹਦੇ ਹਾਂ ਕਿ ਪੁਰਖੇ ਨੂੰ "ਯਹੋਵਾਹ ਨੇ ਦਰਸ਼ਨ ਦਿੱਤਾ" (12:7); ਦੋ ਸਥਾਨਾਂ ਤੇ ਲਿਖਤ ਕਹਿੰਦੀ ਹੈ ਕਿ ਉਹ ਨੇ "ਯਹੋਵਾਹ ਦਾ ਨਾਮ ਲਿਆ" (12:8; 13:4)। ਉਤਪਤ 13:18 ਆਇਤ ਇੱਕ ਵੇਦੀ ਦਾ ਉਲੇਖ ਕਰਦੀ ਹੈ ਪਰ ਉਹ ਬੰਦਗੀ ਦੇ ਸਟੀਕ ਕੰਮ ਦੇ ਵਿਸ਼ੇ ਵਿਚ ਨਹੀਂ ਦੱਸਦੀ ਜੋ ਉਸ ਨੇ ਪਰਮੇਸ਼ੁਰ ਨੂੰ ਚੜ੍ਹਾਈ ਸੀ। 22:2, 9 ਦਾ ਲੇਖਾ ਉਸ ਵੇਦੀ ਦਾ ਬਿਆਨ ਕਰਦਾ ਹੈ ਜਿਸ ਨੂੰ ਪੁਰਖੇ ਨੇ ਮੋਰੀਆਹ ਪਹਾੜ ਤੇ ਇਸਹਾਕ ਦਾ ਬਲੀਦਾਨ ਕਰਨ ਦੇ ਲਈ ਬਣਾਇਆ ਸੀ, ਭਾਵੇਂ ਅੰਤ ਵਿਚ ਉਸ ਨੇ ਉਸ ਦੀ ਬਜਾਇ ਇੱਕ ਛੱਤ੍ਰੇ ਦੀ ਬਲੀ ਚੜਾਈ ਸੀ (22:13)।

ਅਬਰਾਹਾਮ ਦਾ ਸਭ ਤੋਂ ਭਰੋਸੇਮੰਦ ਨੌਕਰ ਸ਼ਾਇਦ ਅਜਿਹੀਆਂ ਘਟਨਾਵਾਂ ਦਾ ਗਵਾਹ ਸੀ, ਹਾਲਾਂਕਿ ਮੋਰੀਆਹ ਪਹਾੜ ਤੇ ਉਸ ਦਾ ਸਵਾਮੀ ਅਤੇ ਇਸਹਾਕ ਹੀ ਮੌਜੂਦ ਸਨ (22:5)। ਨਿਸ਼ਚਤ ਤੌਰ ਤੇ, ਇਸ ਨੌਕਰ ਨੇ ਪੁਰਖੇ ਦੁਆਰਾ ਗੰਭੀਰਤਾ ਦੇ ਨਾਲ ਪ੍ਰਾਰਥਨਾ ਕਰਨ ਦੇ ਕਈ ਹੋਰ ਮੌਕਿਆਂ ਨੂੰ ਵੇਖਿਆ ਸੀ, ਜਿਸ ਕਾਰਣ ਉਹ ਇੱਕ ਸੱਚੇ ਪਰਮੇਸ਼ੁਰ ਤੇ ਵਿਸ਼ਵਾਸ ਕਰ ਸਕਿਆ, ਜੋ ਆਪਣੇ ਲੋਕਾਂ ਦੇ ਜੀਵਨਾਂ ਵਿਚ ਕੰਮ ਕਰਦਾ ਹੈ, ਉਨ੍ਹਾਂ ਦੀਆਂ ਪ੍ਰਾਰਥਨਾਵਾਂ ਨੂੰ ਸੁਣਦਾ ਅਤੇ ਉਨ੍ਹਾਂ ਦੇ ਉੱਤਰ ਦਿੰਦਾ ਹੈ।

ਅਬਰਾਹਾਮ ਦੇ ਦੁਆਰਾ ਵੇਦੀਆਂ ਦੇ ਨਿਰਮਾਣ ਦੇ ਕਈ ਖਾਤਿਆਂ ਤੋਂ ਇਲਾਵਾ, ਸਾਨੂੰ ਲੂਤ ਅਤੇ ਉਸ ਦੇ ਪਰਿਵਾਰ ਅਤੇ ਸਦੂਮ ਦੇ ਹੋਰ ਨਿਵਾਸੀਆਂ ਦੇ ਭਾਗ ਨਾਲ ਸੰਬੰਧਤ ਪਰਮੇਸ਼ੁਰ ਦੇ ਨਾਲ ਉਨ੍ਹਾਂ ਦੀ ਪ੍ਰਾਰਥਨਾ-ਗੱਲਬਾਤ ਦੀ ਇੱਕ ਨਾਟਕੀ ਰਿਪੋਰਟ ਦਿੱਤੀ ਗਈ ਹੈ (18:22-33)। ਇਹ ਗੱਲਬਾਤ ਨੇ ਪ੍ਰਭੂ ਦੇ ਦੁਆਰਾ ਪੁਰਖੇ ਦੀ ਉਸ ਪ੍ਰਾਰਥਨਾ ਨੂੰ ਸੁਣਨ ਅਤੇ ਉਸ ਦਾ ਉੱਤਰ ਦੇਣ ਦੀ ਇੱਛਾ ਨੂੰ ਪ੍ਰਦਰਸ਼ਿਤ ਕੀਤਾ ਹੈ ਜੋ ਉਸ ਨੇ ਦੁਸ਼ਟ ਸ਼ਹਿਰ ਲਈ ਕੀਤੀ ਸੀ ਕਿ ਜੇਕਰ ਉਸ ਵਿਚ ਦਸ ਧਰਮੀ ਪੁਰਖ ਰਹਿੰਦੇ ਹੋਣ ਤਾਂ ਉਹ ਉਸ ਨੂੰ ਤਬਾਹ ਨਹੀਂ ਕਰੇਗਾ। ਇਹ ਗੱਲ ਸੰਦੇਹਪੂਰਣ ਹੈ ਕਿਨੈਕਰ ਨੇ ਪ੍ਰਾਰਥਨਾ ਦੀ ਇਸ ਗੱਲਬਾਤ ਨੂੰ ਵੇਖਿਆ ਸੀ, ਕਿਉਂਕਿ ਕਹਾਣੀ ਸਿਰਫ ਅਬਰਾਹਾਮ ਅਤੇ ਪਰਮੇਸ਼ੁਰ ਦਾ ਉਲੇਖ ਕਰਦੀ ਹੈ। ਪਰ, ਇੰਝ ਜਾਪਦਾ ਹੈ ਕਿ ਪੁਰਖੇ ਨੇ ਇਸ ਕਹਾਣੀ ਨੂੰ ਉਸ ਦੇ ਨਾਲ ਸਾਂਝਾ ਕੀਤਾ ਸੀ। ਉਹ ਉਨ੍ਹਾਂ 318 ਲੋਕਾਂ ਵਿਚੋਂ ਹੋ ਸਕਦਾ ਹੈ ਜੋ ਮਸੋਪੋਤਾਮੀਆ ਦੇ ਹਮਲਾਵਰਾਂ ਦੇ ਨਾਲ ਲੜੇ ਸਨ ਤਾਂ ਕਿ ਉਨ੍ਹਾਂ ਸਦੋਮੀ ਲੋਕਾਂ ਨੂੰ ਉਨ੍ਹਾਂ ਦੇ ਬੰਦੀ ਬਣਾਉਣ ਵਾਲਿਆਂ ਤੋਂ ਛੁਡਾ ਸਕਣ (14:14-16)। ਜੇਕਰ ਅਜਿਹਾ ਸੀ, ਤਾਂ ਕਿਉਂਕਿ ਉਸ ਨੇ ਅਤੇ ਉਸ ਦੇ ਦਾਸਾਂ ਨੇ ਉਨ੍ਹਾਂ ਨੂੰ ਬਚਾਉਣ ਦੇ ਲਈ ਆਪਣੇ ਜੀਵਨਾਂ ਨੂੰ ਖਤਰੇ ਵਿਚ ਪਾਇਆ ਸੀ, ਤਾਂ ਉਸ ਸ਼ਹਿਰ ਦੇ ਉਨ੍ਹਾਂ ਲੋਕਾਂ ਦੀ ਕਿਸਮਤ ਦੇ ਨਾਲ ਉਸ ਦੀ ਸਧਾਰਣ ਨਾਲੋਂ ਜ਼ਿਆਦਾ ਦਿਲਚਸਪੀ ਸੀ। ਇਸ ਤੋਂ ਇਲਾਵਾ, ਯੁੱਧ ਦੇ ਬਾਅਦ ਦੇ ਜਸ਼ਨ ਵਿਚ, ਸ਼ਾਇਦ ਉਸ ਨੇ ਅਬਰਾਹਾਮ ਅਤੇ ਮਲਕਿ-ਸਿਦਕ ਨੂੰ ਆਪਣੇ ਵਿਰੋਧੀਆਂ ਦੇ ਉੱਤੇ ਇੰਨੀ ਵੱਡੀ ਜਿੱਤ ਦੇ ਲਈ ਪਰਮੇਸ਼ੁਰ ਦੀ ਵਡਿਆਈ ਕਰਦੇ ਸੁਣਿਆ ਹੋਵੇਗਾ (14:17-24)।

ਸਮੇਂ ਦੇ ਨਾਲ ਨਾਲ, ਅਬਰਾਹਾਮ ਨੇ ਆਪਣੇ ਇਸ ਛੋਟੇ ਆਦਮੀ ਨੂੰ ਇੱਕ ਵਫ਼ਾਦਾਰ ਨੌਕਰ ਦੇ ਰੂਪ ਵਿਚ ਪ੍ਰੌੜ੍ਹ ਹੁੰਦੇ ਹੋਏ ਵੇਖਿਆ ਸੀ। ਜਦੋਂ ਪੁਰਖੇ ਨੇ ਮਹਿਸੂਸ ਕੀਤਾ ਕਿ ਇਹ ਇਮਾਨਦਾਰ ਵਿਅਕਤੀ ਦਾ ਮਨ ਆਪਣੇ ਸਵਾਮੀ ਦੀ ਭਲਿਆਈ ਵੱਲ ਲੱਗਾ ਹੋਇਆ ਹੈ ਤਾਂ ਉਨ੍ਹਾਂ ਦਾ ਰਿਸ਼ਤਾ ਹੋਰ ਵੀ ਗਹਿਰਾ ਹੋ ਗਿਆ। ਇਸੇ ਕਾਰਣ ਕੁਝ ਲੋਕ ਵਿਸ਼ਵਾਸ ਕਰਦੇ ਹਨ ਕਿ ਉਸ ਦਾ ਦਾਸ ਦਮਿਸ਼ਕੀ ਅਲੀਅਜ਼ਰ ਸੀ, ਜਿਸ ਨੂੰ ਪੁਰਖਾ ਆਪਣੇ ਪੁੱਤਰ ਦੇ ਰੂਪ ਵਿਚ ਗੋਦ ਲੈਣਾ ਚਾਹੁੰਦਾ ਸੀ (15:2-4)। ਜਦਕਿ ਪਰਮੇਸ਼ੁਰ ਨੇ ਅਲੀਅਜ਼ਰ ਨੂੰ ਅਬਰਾਹਾਮ ਦਾ ਵਾਰਸ ਬਣਨ ਦੀ ਇਜਾਜ਼ਤ ਨਹੀਂ ਦਿੱਤੀ ਸੀ (17:15-19), ਪੁਰਖੇ ਨੇ ਤਾਂ ਵੀ ਉਸ ਨੂੰ ਆਪਣੇ ਸਾਰੇ ਮਾਲ-ਧਨ ਦੇ ਉੱਤੇ ਪ੍ਰਧਾਨ ਸਰਪ੍ਰਸਤ ਬਣਾਇਆ ਸੀ। ਇਸ ਤੋਂ ਇਲਾਵਾ, ਇਸ ਨੌਕਰ ਦੇ ਲਈ ਅਬਰਾਹਾਮ ਪਿਤਾ ਦੇ ਸਮਾਨ ਸੀ, ਅਤੇ ਉਸ ਨੇ ਪ੍ਰਾਰਥਨਾ ਦੇ ਮਹੱਤਵ ਦੇ ਵਿਸ਼ੇ ਵਿਚ ਉਸ ਨੂੰ ਪ੍ਰਭਾਵਿਤ ਕੀਤਾ। ਜਿਉਂ ਜਿਉਂ ਸਾਲ ਬੀਤਦੇ ਗਏ, ਨੌਕਰ ਇਸ ਗੱਲ ਨੂੰ ਸਮਝ ਗਿਆ ਕਿ ਉਸ ਦਾ ਸੁਆਮੀ ਵਿਸ਼ਵਾਸ ਅਤੇ ਪ੍ਰਾਰਥਨਾ ਵਾਲਾ ਇੱਕ ਗੰਭੀਰ ਵਿਅਕਤੀ ਸੀ ਜੋ ਉਸ ਸਭ ਦੇ ਲਈ ਜੋ ਉਸ ਦੇ ਕੋਲ ਸੀ ਅਤੇ ਜੋ ਉਹ ਬਣ ਗਿਆ ਸੀ ਪਰਮੇਸ਼ੁਰ ਦੀ ਮਹਿਮਾ ਕਰਦਾ ਹੁੰਦਾ ਸੀ।

ਉਹ ਆਪਣੇ ਸਵਾਮੀ ਦੇ ਦੁਆਰਾ ਵਿਸ਼ਵਾਸ ਨਾਲ ਚੱਲਣ ਦੇ ਸਮੇਂ ਦੀ ਇੱਕ ਸਭ ਤੋਂ ਵੱਡੀ ਘਟਨਾ ਇਸਹਾਕ ਦੇ ਜਨਮ ਨੂੰ ਜਾਣਦਾ ਵੀ ਸੀ ਜੋ ਅਜਿਹੇ ਦੋ ਲੋਕਾਂ ਦੇ ਦੁਆਰਾ ਪੈਦਾ ਹੋਇਆ ਸੀ ਜੋ ਬੱਚੇ ਪੈਦਾ ਕਰ ਸਕਣ ਦੀ ਉਮਰ ਤੋਂ ਬਿਲਕੁਲ ਲੰਘ ਗਏ ਸਨ। ਜੇਕਰ ਉਸ ਚਮਤਕਾਰੀ ਘਟਨਾ ਤੋਂ ਪਹਿਲਾਂ ਨੌਕਰ ਦੇ ਮਨ ਵਿਚ ਪਰਮੇਸ਼ੁਰ ਦੇ ਵਿਸ਼ੇ ਵਿਚ ਕੋਈ ਸ਼ੱਕ ਸੀ ਤਾਂ, ਉਹ ਹੁਣ ਚਲਾ ਗਿਆ ਸੀ। ਉਹ ਜਾਣਦਾ ਸੀ ਕਿ ਪਰਮੇਸ਼ੁਰ ਦੇ ਲਈ ਕੋਈ ਵੀ ਕੰਮ ਬਹੁਤ ਮੁਸ਼ਕਲ ਨਹੀਂ ਸੀ। ਇਸ ਲਈ, ਜਦੋਂ ਅਬਰਾਹਾਮ ਨੇ ਉਸ ਨੂੰ ਮਸੋਪੋਤਾਮੀਆ ਭੇਜਿਆ, ਤਾਂ ਉਸ ਦੇ ਨਾਲ ਵਾਇਦਾ ਕੀਤਾ ਕਿ ਉਹ ਇਸਹਾਕ ਦੇ ਲਈ ਪਤਨੀ ਲੱਭਣ ਵਿਚ ਉਸ ਦੀ ਅਗਵਾਈ ਕਰਨ ਦੇ

ਲਈ ਆਪਣੇ ਸਵਰਗਦੂਤ ਨੂੰ ਭੇਜੇਗਾ (24:7), ਤਾਂ ਉਸ ਨੇ ਸੰਕੋਚ ਨਹੀਂ ਕੀਤਾ। ਉਸ ਨੇ ਆਪਣੀ ਲੰਬੀ ਯਾਤਰਾ ਸ਼ੁਰੂ ਕਰ ਦਿੱਤੀ।

ਨੌਕਰ ਦੇ ਵਿਸ਼ਵਾਸ ਦੀ ਈਮਾਨਦਾਰੀ ਦੀ ਇੱਕ ਉਦਾਹਰਣ ਇਹ ਹੈ ਕਿ, ਹਾਰਾਨ ਵਿਚ "ਨਾਹੋਰ ਦੇ ਨਗਰ" ਵੜਦਿਆਂ ਹੀ, ਉਸ ਨੇ ਪ੍ਰਾਰਥਨਾ ਕੀਤੀ ਕਿ ਪਰਮੇਸ਼ੁਰ ਉਸ ਨੂੰ ਆਪਣੇ ਸਵਾਮੀ ਦੇ ਪੁੱਤਰ ਦੇ ਲਈ ਸਹੀ ਜੁਆਨ ਇਸਤਰੀ ਦੀ ਖੋਜ ਕਰਨ ਵਿਚ ਸਫਲਤਾ ਪ੍ਰਦਾਨ ਕਰੇ (24:12-14)। ਇਸ ਸੰਬੰਧ ਵਿਚ, ਉਸ ਨੇ ਦੋ ਖਾਸ ਨਿਸ਼ਾਨਾਂ ਦੇ ਲਈ ਬੇਨਤੀ ਕੀਤੀ: ਕਿ ਜਿਹੜੀ ਕੁੜੀ ਨੂੰ ਉਹ ਕਹੇ ਆਪਣਾ ਘੜਾ ਕੋਡਾ ਕਰ ਅਤੇ ਪਿਲਾ ਤਾਂ ਉਹ ਕੁੜੀ ਉਹ ਨੂੰ ਪਿਲਾਵੇ, ਅਤੇ ਉਹ ਉਸ ਦੇ ਊਠਾਂ ਦੇ ਲਈ ਵੀ ਪੇਸ਼ਕਸ਼ ਕਰੇ। ਲਿਖਤ ਦੱਸਦੀ ਹੈ ਕਿ ਰਿਬਕਾਹ ਨੇ ਉਹ ਦੋਵੇਂ ਚੀਜ਼ਾਂ ਹੀ ਕੀਤੀਆਂ ਜਿਨ੍ਹਾਂ ਦੇ ਲਈ ਨੌਕਰ ਨੇ ਪਰਮੇਸ਼ੁਰ ਨੂੰ ਬੇਨਤੀ ਕੀਤੀ ਸੀ (24:15-20)। ਫਿਰ ਉਸ ਨੇ ਉਸ ਨੂੰ ਇੱਕ ਸੋਨੇ ਦੀ ਅੰਗੂਠੀ ਅਤੇ ਦੋ ਕੜੇ ਦਿੱਤੇ (24:21, 22) ਅਤੇ ਉਸ ਨੂੰ ਦੋ ਪ੍ਰਸ਼ਨ ਪੁੱਛੇ: "ਤੂੰ ਕਿਹਦੀ ਪੁੱਤ੍ਰੀ ਹੈਂ?" ਅਤੇ "ਕੀ ਤੇਰੇ ਪਿਤਾ ਦੇ ਘਰ ਵਿੱਚ ਸਾਡੇ ਲਈ ਅੱਜ ਰਾਤ ਰਹਿਣ ਦੀ ਥਾਂ ਹੈ?" (24:23)। ਉਸ ਨੇ ਉੱਤਰ ਦਿੱਤਾ ਕਿ ਉਸ ਦਾ ਪਿਤਾ ਬਥੂਏਲ ਸੀ ਅਤੇ ਉਸ ਦੇ ਦਾਦਾ ਦਾ ਨਾਂ ਨਾਹੋਰ (ਅਬਰਾਹਾਮ ਦਾ ਭਰਾ) ਸੀ। ਇਸ ਤੋਂ ਇਲਾਵਾ, ਉਸ ਨੇ ਦਾਵੇ ਦੇ ਨਾਲ ਕਿਹਾ ਕਿ ਉਨ੍ਹਾਂ ਦੇ ਕੋਲ ਬਹੁਤ ਸਾਰਾ ਪੱਠਾ ਦੱਥਾ ਅਤੇ ਰਹਿਣ ਦੀ ਥਾਂ ਵੀ ਹੈ (24:24, 25)। ਇਸ ਦੇ ਨਾਲ, ਨੌਕਰ ਨੂੰ ਭਰੋਸਾ ਹੋ ਗਿਆ ਕਿ ਪਰਮੇਸ਼ੁਰ ਨੇ ਉਸ ਦੀ ਪ੍ਰਾਰਥਨਾ ਦਾ ਉੱਤਰ ਦੇ ਦਿੱਤਾ ਹੈ; ਇਸ ਲਈ ਉਸ ਨੇ ਫਿਰ ਤੋਂ ਪਰਮੇਸ਼ੁਰ ਦਾ ਧੰਨਵਾਦ ਅਤੇ ਮਹਿਮਾ ਕੀਤੀ ਅਤੇ ਸੀਸ ਝੁਕਾਕੇ ਅੱਗੇ ਮੱਥਾ ਟੇਕਿਆ ਕਿਉਂਕਿ ਉਸ ਨੇ ਉਸ ਨੂੰ ਉਸ ਦੇ ਸਵਾਮੀ ਦੇ ਰਿਸ਼ਤੇਦਾਰਾਂ ਦੇ ਘਰ ਪਹੁੰਚਾਇਆ ਸੀ (24:26, 27)।

ਜਿਵੇਂ ਅਬਰਾਹਾਮ ਆਪਣੇ ਨੌਕਰ ਦੇ ਲਈ ਪ੍ਰਾਰਥਨਾ ਦੀ ਇੱਕ ਉਦਾਹਰਣ ਸੀ, ਉਸੇ ਤਰ੍ਹਾਂ ਯਿਸੂ ਆਪਣੇ ਚੇਲਿਆਂ ਦੇ ਲਈ ਇੱਕ ਉਦਾਹਰਣ ਬਣ ਗਿਆ ਸੀ। ਉਨ੍ਹਾਂ ਨੇ ਉਸ ਨੂੰ ਕਈ ਮੌਕਿਆਂ ਤੇ ਪ੍ਰਾਰਥਨਾ ਕਰਦੇ ਹੋਏ ਵੇਖਿਆ, ਅਤੇ ਉਨ੍ਹਾਂ ਨੇ ਉਸ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਪ੍ਰਾਰਥਨਾ ਕਰਨੀ ਸਿਖਾਵੇ ਜਿਵੇਂ ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਆਪਣੇ ਚੇਲਿਆਂ ਨੂੰ ਸਿਖਾਈ ਸੀ (ਲੂਕਾ 11:1)। ਇਸ ਲਈ, ਉਸਨੇ ਉਨ੍ਹਾਂ ਨੂੰ ਆਦਰਸ਼ ਪ੍ਰਾਰਥਨਾ ਦਿੱਤੀ ਅਤੇ ਉਨ੍ਹਾਂ ਨੂੰ ਪ੍ਰਾਰਥਨਾ ਦੇ ਪ੍ਰਭਾਵ ਦੇ ਵਿਸ਼ੇ ਵਿਚ ਸਿਖਾ ਦਿੱਤਾ (ਲੂਕਾ 11:2-13; ਮੱਤੀ 6:5-15)। ਰਸੂਲਾਂ ਅਤੇ ਮੁੱਢਲੀ ਕਲੀਸੀਆ ਨੇ ਯਿਸੂ ਦੇ ਜੀ ਉੱਠਣ ਅਤੇ ਸਵਰਗ ਨੂੰ ਉਠਾ ਲਏ ਜਾਣ ਤੋਂ ਬਾਅਦ ਉਸ ਦਾ ਪਾਲਣ ਕੀਤਾ (ਰਸੂਲਾਂ ਦੇ ਕਰਤੱਬ 1:9-14)। ਅਸੀਂ ਪੰਤੇਕੁਸਤ ਅਤੇ ਉਸ ਤੋਂ ਬਾਅਦ ਵਿਚ ਉਨ੍ਹਾਂ ਦੀਆਂ ਪ੍ਰਾਰਥਨਾਵਾਂ ਨੂੰ ਪੜ੍ਹਦੇ ਹਾਂ (ਰਸੂਲਾਂ ਦੇ ਕਰਤੱਬ 2:40-47), ਜਦੋਂ ਪਤਰਸ ਨੂੰ ਜੇਲ੍ਹ ਵਿਚ ਪਾਇਆ ਅਤੇ ਮੌਤ ਦੀ ਧਮਕੀ ਦਿੱਤੀ ਗਈ ਸੀ (ਕਰਤੱਬ 12:5-17) ਅਤੇ ਜਦੋਂ ਕਲੀਸੀਆ ਨੇ ਸੌਲੁਸ ਅਤੇ ਬਰਨਬਾਸ ਨੂੰ ਅੰਤਾਕਿਯਾ ਭੇਜਿਆ ਸੀ (ਰਸੂਲਾਂ ਦੇ ਕਰਤੱਬ 13:1-3)।

ਪੌਲੁਸ ਨੇ ਆਪਣੇ ਮਿਸ਼ਨਰੀ ਜੀਵਨ ਦੇ ਵਿਚ ਪ੍ਰਾਰਥਨਾ ਦੀ ਸ਼ਕਤੀ ਦਾ ਅਨੁਭਵ ਕੀਤਾ ਸੀ। ਪ੍ਰਭੂ ਨੇ ਬਖਸ਼ਿਸ਼ ਕੀਤੀ ਅਤੇ ਉਸ ਨੂੰ ਬਾਰ-ਬਾਰ ਖਤਰੇ, ਅੱਤਿਆਚਾਰ, ਅਤੇ ਮੌਤ ਤੋਂ ਬਚਾਇਆ।[24] ਜਿਵੇਂ ਅਬਰਾਹਾਮ ਨੇ ਆਪਣੇ ਦਾਸ ਨੂੰ ਪ੍ਰਾਰਥਨਾ ਦੀ ਸ਼ਕਤੀ ਵਿਚ ਵਿਸ਼ਵਾਸ ਦੇ ਨਾਲ ਬਰਕਤ ਦਿੱਤੀ, ਉਸੇ ਤਰ੍ਹਾਂ ਪੌਲੁਸ ਨੇ ਪਹਿਲੀ ਸਦੀ ਦੇ ਮਸੀਹੀਆਂ (ਅਤੇ ਹਰ ਯੁੱਗ ਦੇ ਵਿਚ) ਨੂੰ ਆਪਣੀ ਪ੍ਰਾਰਥਨਾ ਦੀ ਉਦਾਹਰਣ ਦੇ ਨਾਲ ਬਰਕਤ ਦਿੱਤੀ। ਉਸ ਨੇ ਥੱਸਲੁਨੀਕੇ

ਵਿਚ ਪਰਮੇਸ਼ੁਰ ਦੇ ਲੋਕਾਂ ਨੂੰ ਸਲਾਹ ਦਿੱਤੀ ਕਿ "ਨਿੱਤ ਪ੍ਰਾਰਥਨਾ ਕਰੋ" (1 ਥੱਸਲੁਨੀਕੀਆਂ 5:17) ਅਤੇ ਉਸ ਨੇ ਅਫ਼ਸੁਸ ਦੇ ਲੋਕਾਂ ਨੂੰ ਬੇਨਤੀ ਕੀਤੀ ਕਿ "ਹਰ ਸਮੇਂ ਆਤਮਾ ਵਿੱਚ ਪ੍ਰਾਰਥਨਾ ਕਰਦੇ ਰਹੋ, ... ਸਾਰਿਆਂ ਸੰਤਾਂ ਲਈ ਬਹੁਤ ਤਕੜਾਈ ਅਤੇ ਬੇਨਤੀ ਨਾਲ ਜਾਗਦੇ ਰਹੋ।" ਉਸ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਉਸ ਦੇ "ਲਈ" "ਪ੍ਰਾਰਥਨਾ" ਕਰਨ ਕਿ ਉਸ ਨੂੰ "ਖੁਸ਼ ਖਬਰੀ ਦਾ ਭੇਤ" ਦੱਸਣ ਦੇ ਸਮੇਂ ਦਲੇਰੀ ਹੋਵੇ (ਅਫ਼ਸੀਆਂ 6:18, 19)।

*ਇੱਕ ਸਾਂਝਾ ਕੀਤਾ ਗਿਆ ਵਿਸ਼ਵਾਸ* (24:28-51)। ਅਸੀਸ ਅਬਰਾਹਾਮ ਦੇ ਨੌਕਰ ਤੋਂ ਰਿਬਕਾਹ ਦੇ ਪਰਿਵਾਰ ਤੱਕ ਫੈਲ ਗਈ।ਜੋ ਕੁਝ ਹੋਇਆ ਸੀ ਉਸ ਨੇ ਵੇਖ ਕੇ, ਰਿਬਕਾਹ ਆਪਣੇ ਘਰ ਨੂੰ ਭੱਜ ਗਈ ਤਾਂ ਕਿ ਉਸ ਅਜਨਬੀ ਦੇ ਵਿਸ਼ੇ ਵਿਚ ਦੱਸ ਸਕੇ:ਉਸ ਦੇ ਸ਼ਬਦ, ਉਹ ਤੋਹਫ਼ੇ ਜੋ ਉਸ ਨੇ ਉਸ ਦੇ ਕੋਲੋਂ ਪ੍ਰਾਪਤ ਕੀਤੇ ਸਨ, ਅਤੇ ਉਹ ਪ੍ਰਾਰਥਨਾ ਜੋ ਉਸ ਨੇ ਕੀਤੀ ਸੀ। ਲਾਬਾਨ ਆਪਣੀ ਭੈਣ ਦੇ ਸ਼ਬਦਾਂ ਤੋਂ ਪ੍ਰਭਾਵਿਤ ਸੀ; ਅਤੇ ਜਦੋਂ ਉਸ ਨੇ ਸੋਨੇ ਦੀ ਅੰਗੂਠੀ ਅਤੇ ਕੜੇ ਵੇਖੇ, ਤਾਂ ਉਹ ਉਸ ਆਦਮੀ ਦਾ ਸਵਾਗਤ ਕਰਨ ਦੇ ਲਈ ਦੌੜਿਆ (24:28-30)। ਬਾਅਦ ਵਿਚ ਯਾਕੂਬ ਦੇ ਨਾਲ ਉਸ ਦਾ ਵਿਹਾਰ ਸਾਨੂੰ ਪਤਾ ਲੱਗਦਾ ਹੈ, ਕਿ ਧਨ-ਦੌਲਤ ਪ੍ਰਾਪਤ ਕਰਨ ਦੇ ਲਈ ਲਾਬਾਨ ਝੂਠ ਬੋਲਣ ਅਤੇ ਧੋਖਾ ਦੇਣ ਦੇ ਲਈ ਤਿਆਰ ਸੀ (29:13–31:16)। ਇਸ ਮੌਕੇ ਤੇ, ਉਸ ਨੇ ਇੱਕ ਦਿਆਲੂ ਮੇਜ਼ਬਾਨ ਦਾ ਰੋਲ ਨਿਭਾਇਆ ਅਤੇ ਇਹ ਕਹਿੰਦੇ ਹੋਏ ਉਸ ਨੂੰ ਅੰਦਰ ਬੁਲਾਇਆ, "ਹੇ ਯਹੋਵਾਹ ਦੇ ਮੁਬਾਰਕ ਆਓ" (24:31)। ਇਸ ਦਾ ਅਰਥ ਇਹ ਹੈ ਕਿ ਆਪਣੇ ਵਿਸ਼ਵਾਸ ਦਾ ਪਰਗਟਾਵਾ ਕਰਕੇ ਅਬਰਾਹਾਮ ਆਪਣੇ ਨੌਕਰ ਦੇ ਲਈ ਇੱਕ ਬਰਕਤ ਬਣਿਆ ਕਿ ਪਰਮੇਸ਼ੁਰ ਉਸ ਦੇ ਜੀਵਨ ਦੇ ਵਿਚ ਕੰਮ ਕਰ ਰਿਹਾ ਸੀ; ਅਤੇ ਨੌਕਰ ਨੇ ਉਹ ਵਿਚਾਰ ਆਪਣੇ ਮੇਜ਼ਬਾਨ ਨੂੰ ਦੱਸਿਆ। ਲਿਖਤ ਇਸ ਗੱਲ ਨੂੰ ਸਪੱਸ਼ਟ ਨਹੀਂ ਕਰਦੀ ਕਿ ਲਾਬਾਨ ਦੀ ਅਸੀਸ ਗੰਭੀਰ ਸੀ ਜਾਂ ਨਹੀਂ। ਉਸ ਦਾ ਅਸਲੀ ਰਵੱਈਆ ਭਾਵੇਂ ਕੁਝ ਵੀ ਕਿਉਂ ਨਾ ਹੋਵੇ, ਪਰ ਉਸ ਨੇ ਇਸ ਨੌਕਰ ਅਤੇ ਉਸ ਦੇ ਆਦਮੀਆਂ ਨੂੰ ਆਪਣੇ ਪੈਰ ਧੋਣ ਦੇ ਲਈ ਪਾਣੀ ਮੁਹੱਈਆ ਕਰਵਾਇਆ। ਇਸ ਤੋਂ ਇਲਾਵਾ, ਉਸ ਨੇ ਉਸ ਦੇ ਊਠਾਂ ਦੇ ਲਈ ਪੱਠੇ-ਦੱਥੇ ਦਾ ਇੰਤਜ਼ਾਮ ਕੀਤਾ, ਅਤੇ ਉਸ ਨੇ ਉਨ੍ਹਾਂ ਸਾਰਿਆਂ ਦੇ ਲਈ ਇੱਕ ਸ਼ਾਨਦਾਰ ਭੋਜਨ ਤਿਆਰ ਕੀਤਾ ਸੀ (24:32, 33)।

ਨੌਕਰ ਆਪਣੇ ਮਿਸ਼ਨ ਦੇ ਵਿਸ਼ੇ ਵਿਚ ਇੰਨਾ ਇਮਾਨਦਾਰ ਸੀ ਕਿ ਉਹ ਨੇ ਆਖਿਆ ਕਿ ਉਹ ਉਸ ਸਮੇਂ ਤੱਕ ਕੋਈ ਭੋਜਨ ਨਹੀਂ ਖਾਵੇਗਾ ਜਦੋਂ ਤੱਕ ਉਹ ਉਨ੍ਹਾਂ ਨੂੰ ਆਪਣੇ ਉੱਥੇ ਹੋਣ ਦਾ ਕਾਰਣ ਨਾ ਦੇਵੇ। ਜਦੋਂ ਲਾਬਾਨ ਨੇ ਉਸ ਨੂੰ ਆਖਿਆ "ਗੱਲ ਕਰੋ" (24:33), ਤਾਂ ਉਸ ਨੇ ਆਪਣੇ ਆਪ ਦੀ ਪਹਿਚਾਣ ਅਬਰਾਹਾਮ ਦੇ ਨੌਕਰ ਦੇ ਰੂਪ ਵਿਚ ਕਰਵਾਈ, ਜਿਸ ਨੂੰ ਪ੍ਰਭੂ ਨੇ "ਭੇਡਾਂ ਅਰ ਗਾਈਆਂ ਬਲਦ" ਅਤੇ "ਸੋਨਾ ਚਾਂਦੀ," ਅਤੇ ਗੋੱਲੇ ਗੋੱਲੀਆਂ ਅਤੇ ਊਠ ਅਤੇ ਗਧੇ ਦੇ ਕੇ "ਵੱਡੀ ਬਰਕਤ" ਦਿੱਤੀ ਸੀ (24:34, 35)। ਤਦ ਉਸ ਨੇ ਪਰਿਵਾਰ ਨੂੰ ਅਬਰਾਹਾਮ ਦੀ ਪਤਨੀ ਸਾਰਾਹ ਦੇ ਵਿਸ਼ੇ ਵਿਚ ਦੱਸਿਆ, ਜਿਸ ਨੇ ਉਸ ਦੇ ਸਵਾਮੀ ਦੇ ਦੁਆਰਾ ਬੁਢਾਪੇ ਵਿਚ ਇੱਕ ਪੁੱਤਰ ਨੂੰ ਜਨਮ ਦਿੱਤਾ ਸੀ। ਉਸ ਨੇ ਇਸ ਗੱਲ ਨੂੰ ਦੱਸਿਆ ਕਿ ਇਸਹਾਕ ਉਨਾਂ ਦੇ ਸਭ ਕਾਸੇ ਦਾ ਇੱਕੋ ਇੱਕ ਵਾਰਸ ਹੈ (24:36)।

ਜਦੋਂ ਉਹ 24:1-27 ਵਿਚ ਵਾਪਰੀਆਂ ਸਾਰੀਆਂ ਘਟਨਾਵਾਂ ਨੂੰ ਦੱਸਣ ਲੱਗ ਪਿਆ, ਤਾਂ ਉਸ ਨੇ ਆਪਣੇ ਸਵਾਮੀ ਦੇ ਉੱਤੇ ਪਰਮੇਸ਼ੁਰ ਦੀ ਬਰਕਤ, ਇਸ ਮਿਸ਼ਨ ਵਿਚ ਸਵਰਗਦੂਤ ਦੇ ਦੁਆਰਾ ਆਪਣੇ ਮਾਰਗ ਦਰਸ਼ਣ, ਅਤੇ ਕਿਸ ਤਰ੍ਹਾਂ ਪਰਮੇਸ਼ੁਰ ਨੇ ਉਸ ਦੀ ਪ੍ਰਾਰਥਨਾ ਦਾ ਉੱਤਰ

ਦਿੱਤਾ ਅਤੇ ਇੱਕ ਸਹੀ ਜੁਆਨ ਇਸਤਰੀ ਨੂੰ ਖੋਜਣ ਵਿਚ ਉਸ ਦੀ ਅਗਵਾਈ ਕੀਤੀ ਇਨ੍ਹਾਂ ਸਾਰੀਆਂ ਗੱਲਾਂ ਤੇ ਜ਼ੋਰ ਦਿੱਤਾ। ਉਸ ਨੇ ਰਿਬਕਾਹ ਤੱਕ ਪਹੁੰਚਣ ਵਿਚ ਅਗਵਾਈ ਕਰਨ ਲਈ ਪਰਮੇਸ਼ੁਰ ਦਾ ਧੰਨਵਾਦ ਕਰਨ ਦਾ ਵੀ ਜ਼ਿਕਰ ਕੀਤਾ, ਜਿਸ ਦੇ ਪਰਿਵਾਰਿਕ ਰਿਸ਼ਤੇ ਉਸ ਦੇ ਸਵਾਮੀ ਦੀਆਂ ਹਿਦਾਇਤਾਂ ਦੇ ਅਨੁਸਾਰ ਸਨ। ਬਿਨਾਂ ਕਿਸੇ ਦੇਰੀ ਦੇ, ਉਸ ਨੇ ਲਾਬਾਨ ਅਤੇ ਬਥੂਏਲ ਨੂੰ ਚੁਣੌਤੀ ਦਿੱਤੀ ਕਿ ਉਹ ਰਿਬਕਾਹ ਨੂੰ ਇਸਹਾਕ ਦੀ ਪਤਨੀ ਬਣਨ ਦੇ ਲਈ ਉਸ ਦੇ ਨਾਲ ਕਨਾਨ ਜਾਣ ਦੀ ਇਜਾਜ਼ਤ ਦੇਣ ਦਾ ਫੈਸਲਾ ਕਰ ਲੈਣ। ਉਨ੍ਹਾਂ ਦਾ ਜਵਾਬ ਸਧਾਰਣ ਸੀ: ਉਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਉਨ੍ਹਾਂ ਨੇ ਕਿਹਾ, "ਯਹੋਵਾਹ ਦਾ ਬਚਨ ਹੈ" (24:51)।

ਇਸ ਪਰਿਵਾਰ ਦੇ ਕੋਲ ਕਹਾਣੀ ਦੇ ਲਈ ਸਿਰਫ ਨੌਕਰ ਦਾ ਸ਼ਬਦ ਸੀ। ਇਸ ਗੱਲ ਦਾ ਕੋਈ ਅਨੁਭਵ ਸਿੱਧ ਸਬੂਤ ਨਹੀਂ ਸੀ ਕਿ ਇੱਕ ਸਵਰਗਦੂਤ ਨੇ ਰਿਬਕਾਹ ਦੇ ਨਾਲ ਮਿਲਣ ਦੇ ਲਈ ਸਹੀ ਸਮੇਂ ਤੇ ਇਸ ਆਦਮੀ ਨੂੰ ਚਾਰ ਸੌ ਮੀਲ ਦੀ ਦੂਰੀ ਤੇ ਸਹੀ ਸਥਾਨ ਤੇ ਨਿਰਦੇਸ਼ਿਤ ਕੀਤਾ ਸੀ। ਇਸ ਦੇ ਬਾਵਜੂਦ ਵੀ, ਜਦੋਂ ਲਾਬਾਨ ਅਤੇ ਬਥੂਏਲ ਰਿਬਕਾਹ ਦੇ ਕਨਾਨ ਜਾਣ ਅਤੇ ਇਸਹਾਕ ਨਾਲ ਵਿਆਹ ਕਰਨ ਦੀ ਇਜਾਜ਼ਤ ਦੇਣ ਦੇ ਲਈ ਸਹਿਮਤ ਹੋਏ, ਤਾਂ ਉਨ੍ਹਾਂ ਨੇ ਦ੍ਰਿੜ ਵਿਸ਼ਵਾਸ ਕੀਤਾ ਕਿ "ਏਹ ਗੱਲ ਯਹੋਵਾਹ ਵੱਲੋਂ ਆਈ ਹੈ" (24:50)।

ਨੌਕਰ ਦਾ ਸੰਦੇਸ਼ ਸੱਚ ਸੀ, ਕਿਉਂਕਿ ਰਿਬਕਾਹ ਦੇ ਪਰਿਵਾਰ ਦੇ ਨਾਲ ਝੂਠ ਬੋਲ ਕੇ ਉਸ ਨੂੰ ਕੁਝ ਵੀ ਲਾਭ ਨਹੀਂ ਹੋਣਾ ਸੀ। ਪਰਮੇਸ਼ੁਰ ਵੱਲੋਂ ਆਇਆ ਹੋਇਆ ਕੋਈ ਵੀ ਸੰਦੇਸ਼ ਲੋਕਾਂ ਦੇ ਦਿਲਾਂ ਨੂੰ ਛੂਹਣ ਅਤੇ ਉਨ੍ਹਾਂ ਦੇ ਜੀਵਨਾਂ ਨੂੰ ਬਦਲਣ ਦੀ ਤਾਕਤ ਰੱਖਦਾ ਹੈ (ਵੇਖੋ 1 ਕੁਰਿੰਥੀਆਂ 1:21-25)। ਇਹੀ ਕਾਰਣ ਹੈ ਕਿ ਪਹਿਲੀ ਸ਼ਤਾਬਦੀ ਵਿਚ ਯਿਸੂ ਦੇ ਜੀਵਨ, ਮੌਤ, ਅਤੇ ਜੀ ਉੱਠਣ ਦੀ ਗਵਾਹੀ ਇੰਨੀ ਸ਼ਕਤੀਸ਼ਾਲੀ ਸੀ: ਇਹ ਸੱਚ ਸੀ। ਕੋਈ ਵੀ ਮਨੁੱਖ ਜੋ ਇਨ੍ਹਾਂ ਗੱਲਾਂ ਦੀ ਇਤਿਹਾਸਿਕਤਾ ਤੋਂ ਇਨਕਾਰ ਕਰਦਾ ਹੈ ਉਸ ਨੂੰ ਇਸ ਗੱਲ ਨੂੰ ਸਮਝਾਉਣਾ ਚਾਹੀਦਾ ਹੈ ਕਿ ਵਿਰੋਧੀ ਧਿਰ ਅਤੇ ਸਖਤ ਅੱਤਿਆਚਾਰ ਦੇ ਬਾਵਜੂਦ ਰਸੂਲ ਅਤੇ ਹੋਰ ਚਸ਼ਮਦੀਦ ਗਵਾਹ ਇੰਜੀਲ ਦਾ ਬਿਰਤਾਂਤ ਕਿਉਂ ਨਿਰੰਤਰ ਜਾਰੀ ਰੱਖਦੇ ਸਨ। ਹਾਲਾਂਕਿ ਇਹ ਸੱਚ ਹੈ ਕਿ ਕਦੀ ਕਦੀ ਲੋਕ ਧਨ, ਪ੍ਰਸਿੱਧੀ ਜਾਂ ਸ਼ਕਤੀ ਪ੍ਰਾਪਤ ਕਰਨ ਦੇ ਲਈ ਝੂਠ ਬੋਲਦੇ ਹਨ, ਕੋਈ ਵੀ ਵਿਅਕਤੀ ਨਿਰੰਤਰ ਉਸ ਗੱਲ ਦੀ ਘੋਸ਼ਣਾ ਨਹੀਂ ਕਰੇਗਾ ਜਿਸ ਦੇ ਬਾਰੇ ਉਹ ਜਾਣਦਾ ਹੋਵੇ ਕਿ ਉਹ ਝੂਠ ਹੈ ਜੇਕਰ ਇਸ ਦੇ ਨਾਲ ਉਸ ਨੂੰ ਆਪਣੇ ਜੀਵਨ ਸਮੇਤ, ਸਭ ਕੁਝ ਗੁਆਉਣਾ ਪਵੇ।

ਕਿਉਂਕਿ ਪੌਲੁਸ ਮਰਨ ਤੋਂ ਡਰਦਾ ਨਹੀਂ ਸੀ ਇਸ ਲਈ ਉਸ ਦੀ ਗਵਾਹੀ ਇੰਨੀ ਸ਼ਕਤੀਸ਼ਾਲੀ ਸੀ। ਉਸ ਨੇ ਦੰਮਿਸਕ ਦੇ ਰਾਹ ਤੇ ਯਿਸੂ ਨੂੰ ਜ਼ਿੰਦਾ ਵੇਖਿਆ ਸੀ (ਰਸੂਲਾਂ ਦੇ ਕਰਤੱਬ 9:1-22)। ਆਪਣੇ ਬਪਤਿਸਮੇ ਤੋਂ ਬਾਅਦ, ਪੌਲੁਸ ਮਸੀਹੀਆਂ ਨੂੰ ਸਤਾਉਣ ਵਾਲੇ ਇੱਕ ਜ਼ਾਲਮ ਅੱਤਿਆਚਾਰੀ ਤੋਂ ਇੱਕ ਮਹਾਨ ਇੰਜੀਲ ਦਾ ਬਿਰਤਾਂਤ ਸੁਣਾਉਣ ਵਾਲਾ ਪ੍ਰਚਾਰਕ ਬਣ ਗਿਆ। ਉਸ ਸਮੇਂ ਤੋਂ,ਉਸ ਨੇ ਗਵਾਹੀ ਦਿੱਤੀ, "ਕਿਉਂਕਿ ਜੀਉਣਾ ਮੇਰੇ ਲਈ ਮਸੀਹ ਹੈ ਅਤੇ ਮਰਨਾ ਲਾਭ ਹੈ" (ਫ਼ਿਲਿੱਪੀਆਂ 1:21)। ਇਸ ਲਈ, ਆਪਣੇ ਆਪ ਦੇ ਫਾਂਸੀ ਦਿੱਤੇ ਜਾਣ ਤੋਂ ਪਹਿਲਾਂ, ਪੌਲੁਸ ਤਿਮੋਥਿਉਸ ਨੂੰ ਸਮਝਾ ਸਕਿਆ ਕਿ "ਯਿਸੂ ਮਸੀਹ ਨੂੰ ਜਿਹੜਾ ਦਾਊਦ ਦੀ ਨਸਲ ਵਿੱਚੋਂ ਹੈ, ਜਿਹੜਾ ਮੇਰੀ ਖੁਸ਼ ਖਬਰੀ ਦੇ ਅਨੁਸਾਰ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ ਚੇਤੇ ਰੱਖ" (2 ਤਿਮੋਥਿਉਸ 2:8)। ਉਸ ਤੋਂ ਬਾਅਦ ਉਸ ਨੇ ਦੁਹਰਾਇਆ ਜੋ ਇੱਕ ਮੁਢਲੇ ਮਸੀਹੀ ਭਜਨ ਦਾ ਹਿੱਸਾ ਹੋ ਸਕਦਾ ਹੈ:

> ਕਿਉਂਕਿ ਜੇ ਅਸੀਂ ਉਹ ਦੇ ਨਾਲ ਮੋਏ ਤਾਂ ਉਹ ਦੇ ਨਾਲ ਜੀਵਾਂਗੇ ਭੀ। ਜੇ ਸਹਾਰ ਲਈਏ ਤਾਂ ਉਹ ਦੇ ਨਾਲ ਰਾਜ ਭੀ ਕਰਾਂਗੇ। ਜੇ ਉਹ ਦਾ ਇਨਕਾਰ ਕਰੀਏ ਤਾਂ ਉਹ ਭੀ ਸਾਡਾ ਇਨਕਾਰ ਕਰੇਗਾ। ਭਾਵੇਂ ਅਸੀਂ ਬੇ ਵਫ਼ਾ ਹੋਈਏ ਪਰ ਉਹ ਵਫ਼ਾਦਾਰ ਰਹਿੰਦਾ ਹੈ ਕਿਉਂ ਜੋ ਉਹ ਆਪਣਾ ਇਨਕਾਰ ਨਹੀਂ ਕਰ ਸੱਕਦਾ (2 ਤਿਮੋਥਿਉਸ 2:11-13)।

ਸਾਰੇ ਮਸੀਹੀ ਆਤਮਿਕ ਸ਼ਕਤੀ ਅਤੇ ਆਸ ਦੇ ਨਾਲ, ਇਸ ਗੱਲ ਨੂੰ ਯਾਦ ਕਰਦੇ ਹੋਏ ਕਿ ਯਿਸੂ ਨੇ ਵਾਇਦਾ ਕੀਤਾ ਸੀ, "ਇਸ ਕਰਕੇ ਜੋ ਮੈਂ ਜੀਉਂਦਾ ਹਾਂ ਤੁਸੀਂ ਭੀ ਜੀਓਗੇ" (ਯੂਹੰਨਾ 14:19)।

### ਇੱਕ ਮਿਸ਼ਨ ਤੇ ਭੇਜਿਆ ਗਿਆ (24:1-9)

ਅਧਿਆਇ 24 ਇੱਕ ਸੰਖੇਪ ਵਰਣਨ ਦੇ ਨਾਲ ਸ਼ੁਰੂ ਹੁੰਦਾ ਹੈ ਕਿ "ਯਹੋਵਾਹ ਨੇ ਸਾਰੀਆਂ ਗੱਲਾਂ ਵਿਚ ਅਬਰਾਹਾਮ ਨੂੰ ਬਰਕਤ ਦਿੱਤੀ" (24:1)। ਕਹਾਣੀਕਾਰ ਸਪੱਸ਼ਟ ਤੌਰ ਤੇ ਪਾਠਕਾਂ ਨੂੰ ਪਰਮੇਸ਼ੁਰ ਦੇ ਅਸਲੀ ਵਾਇਦਿਆਂ ਦੇ ਵਿਸ਼ੇ ਵਿਚ ਯਾਦ ਦਿਵਾਉਣਾ ਚਾਹੁੰਦਾ ਸੀ ਜੋ ਪੁਰਖੇ ਦੀ ਬੁਲਾਹਟ ਦਾ ਹਿੱਸਾ ਸਨ: ਉਸ ਨੂੰ ਅਸੀਸ ਦੇਣ ਦਾ, ਉਸ ਦੇ ਨਾਮ ਨੂੰ ਵੱਡਾ ਕਰਨ ਦਾ (ਧਨ-ਦੌਲਤ, ਸ਼ਕਤੀ, ਅਤੇ ਉਸ ਦੇ ਸਾਥੀਆਂ ਤੋਂ ਆਦਰ ਦੇ ਦੁਆਰਾ) ਅਤੇ ਜੋ ਉਸ ਨੂੰ ਅਸੀਸ ਦਿੰਦੇ ਹਨ ਉਨ੍ਹਾਂ ਨੂੰ ਅਸੀਸ ਦੇਣ ਦਾ ਅਤੇ ਜੋ ਉਸ ਨੂੰ ਸਰਾਪ ਦਿੰਦੇ ਹਨ ਉਨ੍ਹਾਂ ਨੂੰ ਸਰਾਪ ਦੇਣ ਦਾ (12:2, 3)। ਪਰ, ਅਬਰਾਹਾਮ ਨੂੰ ਅਜੇ ਤੱਕ ਵਾਇਦਾ ਕੀਤੀਆਂ ਗਈਆਂ ਬਰਕਤਾਂ ਪ੍ਰਾਪਤ ਨਹੀਂ ਹੋਈਆਂ ਸਨ: ਉਹ ਹੁਣ ਵੀ ਕਨਾਨ ਦੇਸ ਦੇ ਤੋਹਫ਼ੇ, ਉਸ ਉੱਤੇ ਕਬਜ਼ਾ ਕਰਨ ਲਈ ਇੱਕ ਵੱਡੀ ਜਾਤੀ ਬਣਾਏ ਜਾਣ, ਅਤੇ ਧਰਤੀ ਦਿਆਂ ਸਾਰਿਆਂ ਘਰਾਣਿਆਂ ਲਈ ਬਰਕਤ ਬਣਨ ਦਾ ਇੰਤਜ਼ਾਰ ਕਰ ਰਿਹਾ ਸੀ।

ਇਹ ਅਤਿਰਿਕਤ ਬਰਕਤਾਂ ਸਿਰਫ ਇਸਹਾਕ ਦੇ ਜਨਮ ਦੇ ਦੁਆਰਾ ਸੰਭਵ ਹੋਣੇ ਮਹਿਸੂਸ ਕੀਤੇ ਗਏ ਸਨ। ਉਨ੍ਹਾਂ ਨੂੰ ਸੱਚ ਹੋਣ ਦੇ ਲਈ ਇਸਹਾਕ ਲਈ ਬਹੁਤ ਜ਼ਰੂਰੀ ਸੀ ਕਿ ਉਸ ਦੀ ਇੱਕ ਆਪਣੀ ਪਤਨੀ ਅਤੇ ਪਰਿਵਾਰ ਹੋਵੇ। ਅਬਰਾਹਾਮ ਨੇ ਆਪਣੇ ਸਭ ਤੋਂ ਭਰੋਸੇਮੰਦ ਨੌਕਰ ਨੂੰ ਆਪਣੇ ਪੁੱਤਰ ਇਸਹਾਕ ਦੇ ਲਈ ਇੱਕ ਯੋਗ ਪਤਨੀ ਲੱਭਣ ਦੇ ਲਈ ਹਾਰਾਨ ਵਿਚ ਆਪਣੇ ਰਿਸ਼ਤੇਦਾਰਾਂ ਦੇ ਵਿਚਕਾਰ ਭੇਜਿਆ। ਇਸ ਆਦਮੀ ਨੂੰ ਮਸੋਪੋਤਾਮੀਆ ਭੇਜਣ ਤੋਂ ਪਹਿਲਾਂ, ਅਤੇ ਇਸ ਮਿਸ਼ਨ ਦੀ ਗੰਭੀਰਤਾ ਨੂੰ ਪ੍ਰਭਾਵਿਤ ਕਰਨ ਦੇ ਲਈ, ਪੁਰਖੇ ਨੇ ਆਪਣੇ ਮਿਸ਼ਨ ਨੂੰ ਪੂਰਾ ਕਰਨ ਦੇ ਲਈ ਉਸ ਨੂੰ ਇੱਕ ਗੰਭੀਰ ਸਹੁੰ ਦੁਆਈ (24:2-9)।

ਹੋ ਸਕਦਾ ਹੈ ਕਿ ਅਬਰਾਹਾਮ ਨੇ ਆਪਣੇ ਇਸ ਨੌਕਰ ਅਤੇ ਆਪਣੇ ਸਾਰੇ ਕਰਮਚਾਰੀਆਂ ਨੂੰ ਕਈ ਵਾਰ ਆਪਣੀ ਕਹਾਣੀ ਸੁਣਾਈ ਹੋਵੇ, ਪਰ ਉਸ ਨੂੰ ਪਤਾ ਸੀ ਕਿ ਇਹ ਮਹੱਤਵਪੂਰਣ ਹੈ ਕਿ ਦੁਬਾਰਾ ਉਸ ਨੂੰ ਦੁਹਰਾਵੇ। ਸ਼ਾਇਦ ਉਸ ਨੂੰ ਇਹ ਵੀ ਯਾਦ ਆਇਆ ਸੀ ਕਿ ਉਸ ਨੇ ਦੂਸਰਿਆਂ ਦੇ ਲਈ ਬਰਕਤ ਦਾ ਸਾਧਨ ਬਣਨਾ ਸੀ (12:2), ਇਸ ਲਈ ਉਸ ਨੇ ਹਾਰਾਨ ਦੇ ਇਸ ਮਹੱਤਵਪੂਰਣ ਸਫਰ ਵਿਚ ਭੇਜਣ ਤੋਂ ਪਹਿਲਾਂ ਇਨ੍ਹਾਂ ਸੱਚਾਈਆਂ ਨੂੰ ਆਪਣੇ ਨੌਕਰ ਦੇ ਨਾਲ ਦੁਹਰਾਉਣ ਦੀ ਲੋੜ ਨੂੰ ਮਹਿਸੂਸ ਕੀਤਾ। ਦੇਸ ਨਾਲ ਸੰਬੰਧਤ ਬਰਕਤਾਂ ਦਾ ਅਨੁਭਵ ਕਰਨ ਦੇ ਲਈ, ਪੁਰਖੇ ਨੇ ਆਪਣੇ ਨੌਕਰ ਨੂੰ ਸਪੱਸ਼ਟ ਹਿਦਾਇਤਾਂ ਦਿੱਤੀਆਂ ਕਿ ਪਰਮੇਸ਼ੁਰ ਦੇ ਦੁਆਰਾ ਖਾਧੀ ਸਹੁੰ ਦੇ ਮੁਤਾਬਿਕ ਉਸ ਦੇ ਪੁੱਤਰ ਦਾ ਵਾਇਦਾ ਕੀਤੇ ਹੋਏ ਦੇਸ ਵਿਚ ਰਹਿਣਾ ਜ਼ਰੂਰੀ ਹੈ: "ਮੈਂ ਤੇਰੀ ਅੰਸ ਨੂੰ ਇਹ ਧਰਤੀ ਦਿਆਂਗਾ" (24:7)। ਅਬਰਾਹਾਮ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਹੋ ਸਕਦਾ ਹੈ ਕਿ ਉਸ ਦੇ ਰਿਸ਼ਤੇਦਾਰਾਂ ਦੇ ਘਰੋਂ ਇੱਕ ਜਵਾਨ ਇਸਤਰੀ ਉਸ ਨੌਕਰ

ਦੇ ਨਾਲ ਕਨਾਨ ਦੇਸ ਨੂੰ ਆਉਣ ਤੋਂ ਇਨਕਾਰ ਕਰ ਦੇਵੇ।ਇਸ ਸਥਿਤੀ ਵਿਚ, ਉਹ ਪੁਰਖੇ ਦੀ ਸਹੁੰ ਤੋਂ ਛੁੱਟ ਜਾਵੇਗਾ। ਪਰ, ਕਿਸੇ ਵੀ ਹਾਲਤ ਦੇ ਵਿਚ ਇਸਹਾਕ ਦਾ ਇੱਕ ਕਨਾਨੀ ਇਸਤਰੀ ਦੇ ਨਾਲ ਵਿਆਹ ਨਹੀਂ ਹੋਣਾ ਚਾਹੀਦਾ ਹੈ (24:3-8)।

ਜਦੋਂ ਅਬਰਾਹਾਮ ਨੇ ਆਪਣੇ ਨੌਕਰ ਨੂੰ ਹਾਰਾਨ ਵਿਚ ਇਸ ਮਿਸ਼ਨ ਤੇ ਭੇਜਿਆ, ਤਾਂ ਉਸ ਨੇ ਇੱਕ ਉਦਾਹਰਣ ਦਿੱਤੀ ਜਿਸ ਦਾ ਬਾਅਦ ਵਿਚ ਯਿਸੂ ਅਤੇ ਪਰਮੇਸ਼ੁਰ ਦੀ ਪ੍ਰੇਰਣਾ ਪਾਏ ਹੋਏ ਰਸੂਲ ਅਨੁਸਰਣ ਕਰਨਗੇ। ਨੌਕਰ ਦੇ ਮਿਸ਼ਨ ਦਾ ਮੁੱਖ ਰੂਪ ਦੁਨਿਆਵੀ ਸੀ, ਪਰ ਉਸ ਦੇ ਸਥਾਈ ਆਤਮਿਕ ਪ੍ਰਭਾਵ ਹੋਣਗੇ। ਇਸਹਾਕ ਦੇ ਲਈ ਸਹੀ ਪਤਨੀ ਦੀ ਖੋਜ ਕਰਨ ਵਿਚ ਉਸ ਨੂੰ ਵਫ਼ਾਦਾਰ ਹੋਣ ਦੀ ਲੋੜ ਸੀ ਤਾਂ ਕਿ ਇਹ ਦੋਵੇਂ ਉਸ ਕੌਮ ਨੂੰ ਪੈਦਾ ਕਰਨ ਵਾਲੇ ਬਣ ਸਕਣ ਜਿਸ ਦੇ ਦੁਆਰਾ ਯਿਸੂ ਮਸੀਹ, ਮੁਕਤੀਦਾਤੇ ਦਾ ਜਨਮ ਹੋਵੇਗਾ।

ਯਿਸੂ ਦਾ ਕੰਮ ਸੀ ਕਿ ਉਹ ਵਿਸ਼ਵਾਸਯੋਗ ਲੋਕਾਂ (ਪਰਮੇਸ਼ੁਰ ਦੀ ਪ੍ਰੇਰਣਾ ਪਾਏ ਹੋਏ ਰਸੂਲਾਂ) ਦੀ ਖੋਜ ਕਰੇ ਜੋ ਉਸ ਦੇ ਸਵਰਗ ਚਲੇ ਜਾਣ ਤੋਂ ਪਿੱਛੋਂ ਸਵਰਗ ਹੇਠਲੇ ਹਰ ਦੇਸ ਵਿਚ ਇੰਜੀਲ ਦੇ ਬਿਰਤਾਂਤ ਨੂੰ ਲੈ ਕੇ ਜਾਣ (ਮੱਤੀ 28:18-20; ਮਰਕੁਸ 16:15, 16; ਲੂਕਾ 24:46-49)। ਬਦਲੇ ਵਿਚ, ਇਹ ਮਨੁੱਖ, ਧਰਤੀ ਦਿਆਂ ਸਭ ਘਰਾਣਿਆਂ ਵਿਚੋਂ ਆਤਮਿਕ ਜਾਤੀ ਨੂੰ ਅੱਗੇ ਲਿਆਉਣਾ ਸ਼ੁਰੂ ਕਰ ਦੇਣਗੇ (ਰਸੂਲਾਂ ਦੇ ਕਰਤੱਬ 2:5-11, 36-41; ਗਲਾਤੀਆਂ 3:26-29)। ਬੇਸ਼ੱਕ, ਇਹ ਹੁਕਮ ਪਰਮੇਸ਼ੁਰ ਦੀ ਪ੍ਰੇਰਣਾ ਪਾਏ ਹੋਏ ਬਾਰ੍ਹਾਂ ਰਸੂਲਾਂ ਦੇ ਦੁਆਰਾ ਸੰਪੂਰਣ ਤੌਰ ਨਾਲ ਪੂਰਾ ਕਰ ਸਕਣ ਦੇ ਲਈ ਬਹੁਤ ਹੀ ਵੱਡਾ ਸੀ, ਇੱਥੋਂ ਤੱਕ ਕਿ ਪੌਲੁਸ ਨੇ ਵੀ ਇਸ ਨੂੰ ਵਧਾਇਆ ਸੀ। ਫਿਰ ਵੀ ਇੰਜੀਲ ਦੇ ਬਿਰਤਾਂਤ ਨੂੰ ਦੂਜਿਆਂ ਨੂੰ ਸੌਂਪਣਾ ਪਿਆ, ਅਤੇ ਉਹ ਯੁੱਗ ਦੇ ਅੰਤ ਤੱਕ ਇਸ ਪ੍ਰਕਿਰਿਆ ਨੂੰ ਜਾਰੀ ਰੱਖਣਗੇ। ਇਸੇ ਲਈ ਪੌਲੁਸ ਨੇ – ਜੇਲ੍ਹ ਵਿਚ ਅਤੇ ਹਤਿਆਰੇ ਦੀ ਤਲਵਾਰ ਦਾ ਸਾਹਮਣਾ ਕਰਦੇ ਹੋਏ – ਇਨ੍ਹਾਂ ਸ਼ਬਦਾਂ ਦੇ ਨਾਲ ਜ਼ਿੰਮੇਵਾਰੀ ਦਾ ਚੋਗਾ ਤਿਮੋਥਿਉਸ ਨੂੰ ਸੌਂਪ ਦਿੱਤਾ: "ਅਤੇ ਜਿਹੜੀਆਂ ਗੱਲਾਂ ਤੈਂ ਬਹੁਤਿਆਂ ਗਵਾਹਾਂ ਦੇ ਸਾਹਮਣੇ ਮੈਥੋਂ ਸੁਣੀਆਂ ਅਜੇਹਿਆਂ ਮਾਤਬਰ ਮਨੁੱਖਾਂ ਨੂੰ ਸੌਂਪ ਜਿਹੜੇ ਹੋਰਨਾਂ ਨੂੰ ਵੀ ਸਿੱਖਿਆ ਦੇਣ ਜੋਗ ਹੋਣ" (2 ਤਿਮੋਥਿਉਸ 2:2)। ਹਰ ਯੁੱਗ ਦੇ ਸਾਰੇ ਮਸੀਹੀਆਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ ਕਿ ਉਹ ਵਫ਼ਾਦਾਰ ਸੇਵਕ ਬਣਨ ਜੋ ਇੰਜੀਲ ਦੇ ਬਿਰਤਾਂਤ (ਇੰਜੀਲ) ਨੂੰ ਪ੍ਰਾਪਤ ਕਰਕੇ, ਦੂਜਿਆਂ ਨੂੰ ਵੀ ਸੌਂਪ ਸਕਣ (1 ਕੁਰਿੰਥੀਆਂ 15:1-4)।

### ਸਵਰਗਦੂਤਾਂ ਦੀ ਸੇਵਕਾਈ (24:7)

ਅਬਰਾਹਾਮ ਨੇ ਆਪਣੇ ਨੌਕਰ ਦੇ ਸਾਹਮਣੇ ਸਵਰਗਦੂਤਾਂ ਦੀ ਸੇਵਕਾਈ ਦੇ ਵਿਸ਼ੇ ਵਿਚ ਗਵਾਹੀ ਦਿੱਤੀ। ਪੁਰਖੇ ਦੇ ਜੀਵਨ-ਕਾਲ ਦੇ ਦੌਰਾਨ ਸਵਰਗਦੂਤਾਂ ਦੀ ਸੇਵਕਾਈ ਦੇ ਵਿਸ਼ੇ ਵਿਚ ਕਈ ਖਾਤੇ ਪਾਏ ਜਾਂਦੇ ਹਨ, ਜਿਨ੍ਹਾਂ ਦੇ ਵਿਸ਼ੇ ਵਿਚ ਉਸ ਨੇ ਸੁਣਿਆ ਸੀ, ਜਾਂ ਉਹ ਖੁਦ ਉਨ੍ਹਾਂ ਵਿਚ ਸ਼ਾਮਲ ਸੀ ਅਤੇ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਉਸ ਨੇ ਇਹ ਗੱਲਾਂ ਆਪਣੇ ਪਰਿਵਾਰ ਅਤੇ ਨੌਕਰਾਂ ਦੇ ਨਾਲ ਸਾਂਝੀਆਂ ਕੀਤੀਆਂ ਸਨ। ਉਨ੍ਹਾਂ ਵਿਚੋਂ ਕੁਝ ਹੇਠ ਲਿਖੇ ਅਨੁਸਾਰ ਹਨ:

1. ਜਦੋਂ ਹਾਜਰਾ ਸਾਰਾਹ ਦੇ ਕ੍ਰੋਧ ਦੇ ਕਾਰਣ ਜੰਗਲ ਵਿਚ ਭੱਜ ਗਈ ਸੀ, ਤਾਂ ਇਹ ਇੱਕ ਸਵਰਗਦੂਤ ਸੀ ਜਿਸ ਨੇ ਉਸ ਨੂੰ ਲੱਭ ਲਿਆ ਅਤੇ ਉਸ ਨੂੰ ਪੁਰਖੇ ਦੇ ਡੇਰੇ ਵਿਚ ਦੁਬਾਰਾ ਭੇਜ ਕੇ, ਉਸ ਨੂੰ ਨਾਸ ਹੋਣ ਤੋਂ ਬਚਾ ਲਿਆ ਸੀ (16:7-14)।

2. ਮਮਰੇ ਵਿਚ ਪੁਰਖੇ ਨੂੰ ਸਵਰਗਦੂਤਾਂ ਦੇ ਨਾਲ ਇੱਕ ਨਿੱਘਾ ਵਿਅਕਤੀਗਤ ਅਨੁਭਵ ਪ੍ਰਾਪਤ ਹੋਇਆ ਸੀ, ਜਦੋਂ ਅਚਾਨਕ ਤਿੰਨ ਆਦਮੀ ਪਰਗਟ ਹੋ ਗਏ ਸਨ, ਅਤੇ ਉਨ੍ਹਾਂ ਨੇ ਅਬਰਾਹਾਮ ਨੂੰ ਦੱਸਿਆ ਕਿ ਅਗਲੇ ਸਾਲ ਇਸੇ ਰੁੱਤ ਵਿਚ, ਸਾਰਾਹ ਇੱਕ ਪੁੱਤਰ ਨੂੰ ਜਨਮ ਦੇਵੇਗੀ। ਇਹ ਸਪੱਸ਼ਟ ਤੌਰ ਤੇ ਸਵਰਗਦੂਤ ਸਨ ਜੋ ਮਨੁੱਖਾਂ ਦੇ ਰੂਪ ਵਿਚ ਆਏ ਸਨ, ਅਤੇ ਉਨ੍ਹਾਂ ਵਿਚੋਂ ਇੱਕ ਪ੍ਰਭੂ ਦੇ ਤੌਰ ਤੇ ਬੋਲਿਆ (18:1-33; ਜੋ ਪ੍ਰਭੂ ਦਾ ਸਵਰਗਦੂਤ ਹੋ ਸਕਦਾ ਹੈ)। ਇਬਰਾਨੀਆਂ ਦੇ ਲੇਖਕ ਦੇ ਬਿਆਨ ਦੇ ਪਿੱਛੇ ਇਸ ਹਵਾਲੇ ਦੇ ਹੋਣ ਦੀ ਸਭ ਤੋਂ ਵੱਧ ਸੰਭਾਵਨਾ ਹੈ: "ਪਰਾਹੁਣਚਾਰੀ ਕਰਨੀ ਨਾ ਭੁੱਲਿਓ ਕਿਉਂ ਜੋ ਇਹ ਕਰ ਕੇ ਕਿੰਨਿਆਂ ਨੇ ਦੂਤਾਂ ਨੂੰ ਬਿਨ ਪਛਾਣੇ ਘਰ ਉਤਾਰਿਆ ਹੈ" (ਇਬਰਾਨੀਆਂ 13:2)।

3. ਉਤਪਤ ਦੇ ਵਰਣਨ ਕਰਤਾ ਨੇ ਇਹ ਵੀ ਦਰਜ ਕੀਤਾ ਕਿ ਇਹ ਕਹਿੰਦੇ ਹੋਏ "ਪਰਮੇਸ਼ੁਰ ਨੇ ਅਬਰਾਹਾਮ ਨੂੰ ਪਰਤਾਇਆ" ਕਿ ਇਸਹਾਕ ਨੂੰ ਵੇਦੀ ਤੇ ਬਲੀਦਾਨ ਕਰ ਦੇਹ (22:1, 2)। ਪਰ, ਜਦੋਂ ਪੁਰਖਾ ਆਪਣੇ ਪੁੱਤਰ ਨੂੰ ਮਾਰਨ ਵਾਲਾ ਸੀ, ਤਾਂ ਲਿਖਤ ਬਿਆਨ ਕਰਦੀ ਹੈ ਕਿ ਪ੍ਰਭੂ ਦੇ ਸਵਰਗਦੂਤ ਨੇ ਉਸ ਨੂੰ ਰੋਕ ਦਿੱਤਾ ਅਤੇ ਕਿਹਾ, "ਹੁਣ ਮੈਂ ਜਾਣ ਗਿਆ ਹਾਂ ਕਿ ਤੂੰ ਪਰਮੇਸ਼ੁਰ ਤੋਂ ਭੈ ਖਾਂਦਾ ਹੈਂ ਕਿਉਂਜੋ ਤੈਂ ਆਪਣੇ ਪੁੱਤ੍ਰ ... ਮੈਥੋਂ ਸਰਫਾ ਨਹੀਂ ਕੀਤਾ" (22:11, 12)। ਇੱਕ ਵਾਰ ਫਿਰ, ਇੰਝ ਜਾਪਦਾ ਹੈ ਕਿ ਪਰਮੇਸ਼ੁਰ ਨੇ ਇਸ ਮੌਕੇ ਤੇ ਪ੍ਰਭੂ ਦੇ ਦੂਤ ਦੇ ਰੂਪ ਵਿਚ ਗੱਲ ਕੀਤੀ ਸੀ।

ਕਿਉਂਕਿ ਪੁਰਖੇ ਅਤੇ ਉਸ ਦੇ ਪਰਿਵਾਰ ਦੋਵਾਂ ਨੇ ਵਿਅਕਤੀਗਤ ਤੌਰ ਤੇ ਸਵਰਗਦੂਤਾਂ ਦੇ ਅਨੁਭਵ ਕੀਤੇ ਸਨ, ਇਸ ਲਈ ਇਸ ਗੱਲ ਨੂੰ ਵੇਖਣਾ ਅਸਾਨ ਹੈ ਕਿ ਉਸ ਨੇ ਕਿਉਂ ਇਹ ਕਹਿੰਦੇ ਹੋਏ, ਯਕੀਨ ਦਵਾਇਆ, "ਉਹ [ਪ੍ਰਭੂ] ਹੀ ਆਪਣਾ ਦੂਤ ਤੇਰੇ ਅੱਗੇ ਘੱਲੇਗਾ ਅਰ ਤੂੰ ਉੱਥੋਂ [ਹਾਰਾਨ ਤੋਂ] ਮੇਰੇ ਪੁੱਤ੍ਰ ਲਈ ਤੀਵੀਂ ਲੈ ਆਵੇਂਗਾ" (24:7)। ਅਬਰਾਹਾਮ ਆਪਣੇ ਨੌਕਰ ਦੇ ਲਈ ਇੱਕ ਬਰਕਤ ਸੀ ਕਿਉਂਕਿ ਉਸ ਦੇ ਵਿਸ਼ਵਾਸ ਨੇ ਉਸ ਦੇ ਦਾਸ ਨੂੰ ਇਹ ਯਕੀਨ ਦਵਾਇਆ ਕਿ ਪ੍ਰਭੂ ਦਾ ਸਵਰਗਦੂਤ ਉਸ ਦੇ ਅੱਗੇ ਅੱਗੇ ਜਾਵੇਗਾ ਤਾਂ ਕਿ ਇਸਹਾਕ ਦੇ ਲਈ ਉਚਿਤ ਪਤਨੀ ਦੀ ਭਾਲ ਕਰਨ ਲਈ ਰਾਹ ਨੂੰ ਤਿਆਰ ਕਰੇ।

### ਰਿਬਕਾਹ ਦਾ ਵਿਸ਼ਵਾਸ (24:15-67)

ਅਬਰਾਹਾਮ ਦੇ ਦੁਆਰਾ ਦਿੱਤੀ ਗਈ ਜ਼ਿੰਮੇਵਾਰੀ ਦੇ ਪ੍ਰਤਿ ਨੌਕਰ ਦੀ ਵਫ਼ਾਦਾਰੀ ਦੇ ਕਾਰਣ, ਰਿਬਕਾਹ ਅਤੇ ਇਸਹਾਕ ਨੂੰ ਬਰਕਤ ਮਿਲੀ।ਭਾਵੇਂ ਰਿਬਕਾਹ ਉਮਰ ਵਿਚ ਛੋਟੀ ਸੀ, ਪਰ ਉਹ ਹੋਛੀ ਜਾਂ ਲਾਲਚੀ ਨਹੀਂ ਸੀ। ਆਪਣੇ ਭਰਾ ਲਾਬਾਨ ਦੀ ਤੁਲਨਾ ਵਿਚ, ਜੋ ਮਾਇਆ ਦੀ ਕਾਮਨਾ ਕਰਦਾ ਸੀ, ਉਹ ਮੁੱਲ ਉਸ ਦੇ ਲਈ ਸਭ ਤੋਂ ਪ੍ਰਮੁੱਖ ਨਹੀਂ ਸਨ। ਭਾਵੇਂ ਮਹਿੰਗੇ ਤੋਹਫ਼ਿਆਂ ਵਾਲੇ ਦਸ ਊਠਾਂ ਨੇ, ਉਸ ਦੇ ਨਾਲ ਨਾਲ ਸੋਨੇ ਦੀ ਅੰਗੂਠੀ ਅਤੇ ਕੜਿਆਂ ਨੇ ਜੋ ਉਸ ਨੂੰ ਪ੍ਰਾਪਤ ਹੋਏ ਸਨ ਉਸ ਨੂੰ ਪ੍ਰਭਾਵਿਤ ਕੀਤਾ ਹੋ ਸਕਦਾ ਹੈ, ਪਰ ਉਹ ਇੱਕ ਉੱਚ ਪੱਧਰ ਦੀ ਅਤੇ ਰੂਹਾਨੀ ਸੋਚ ਵਾਲੀ ਇਸਤਰੀ ਪ੍ਰਤੀਕ ਹੁੰਦੀ ਹੈ, ਜਿਸ ਨੂੰ ਸਿਰਫ ਧਨ-ਦੌਲਤ ਦੀ ਪ੍ਰਦਰਸ਼ਨੀ ਦੇ ਦੁਆਰਾ ਪ੍ਰਭਾਵਿਤ ਨਹੀਂ ਕੀਤਾ ਜਾ ਸਕਦਾ ਸੀ।

ਉਸ ਨੇ ਜ਼ਰੂਰ ਮਸੋਪੋਤਾਮੀਆ ਛੱਡ ਕੇ ਕਨਾਨ ਜਾਣ ਲਈ ਆਪਣੇ ਸੁਆਮੀ ਦੀ ਰੱਬੀ ਬੁਲਾਹਟ ਦੇ ਵਿਸ਼ੇ ਵਿਚ ਨੌਕਰ ਦੀ ਗਵਾਹੀ ਤੇ ਵਿਸ਼ਵਾਸ ਕੀਤਾ ਹੋਵੇਗਾ ਤਾਂਕਿ ਪਰਮੇਸ਼ੁਰ ਧਰਤੀ ਦੇ ਸਾਰੇ ਘਰਾਣਿਆਂ ਨੂੰ ਬਰਕਤ ਦੇਣ ਦੇ ਲਈ ਉਸ ਦਾ ਇਸਤੇਮਾਲ ਕਰ ਸਕੇ। ਸ਼ਾਇਦ

ਉਹ ਚਾਹੁੰਦੀ ਸੀ ਕਿ ਉਹ ਆਪਣੇ ਜੀਵਨ ਨੂੰ ਸਿਰਫ ਇੱਕ ਅਮੀਰ ਆਦਮੀ ਦੀ ਪਤਨੀ ਅਤੇ ਉਸ ਦੇ ਬੱਚਿਆਂ ਦੀ ਮਾਂ ਤੋਂ ਵੱਧ ਕੇ ਬਣਾਵੇ। ਇੰਝ ਜਾਪਦਾ ਹੈ ਕਿ ਉਸ ਨੇ ਮਹਿਸੂਸ ਕੀਤਾ ਸੀ ਕਿ ਉਸ ਨੂੰ ਉਹ ਭੂਮਿਕਾ ਨਿਭਾਉਣ ਦੇ ਲਈ ਬੁਲਾਇਆ ਗਿਆ ਸੀ ਜਿਸ ਦਾ ਸ਼ਾਇਦ ਉਸ ਨੇ ਕਦੀ ਸੁਪਨਾ ਵੀ ਨਹੀਂ ਲਿਆ ਸੀ।

ਹਾਲਾਂਕਿ ਰਿਬਕਾਹ ਦਾ ਨਾਮ ਇਬਰਾਨੀਆਂ 11 ਅਧਿਆਇ ਦੇ ਮਹਾਨ ਨਾਇਕਾਂ ਦੀ ਸੂਚੀ ਵਿਚ ਨਹੀਂ ਹੈ, ਪਰ ਤਾਂ ਵੀ ਕਈ ਕਾਰਣਾਂ ਦੇ ਕਾਰਣ ਉਹ ਉਸ ਸ਼੍ਰੇਣੀ ਵਿਚ ਸ਼ਾਮਲ ਹੈ। (1) ਉਸ ਨੇ ਕਨਾਨ ਜਾਣ ਲਈ ਵਿਸ਼ਵਾਸ ਦਾ ਕਦਮ ਉਠਾਇਆ, ਠੀਕ ਜਿਵੇਂ ਕਈ ਸਾਲ ਪਹਿਲਾਂ ਅਬਰਾਹਾਮ ਨੇ ਕੀਤਾ ਸੀ (ਰਸੂਲਾਂ ਦੇ ਕਰਤੱਬ 7:2, 3)। (2) ਉਸਨੇ ਸਫਰ ਵਿਚ ਆਪਣੇ ਪਰਿਵਾਰ ਨੂੰ ਨਾਲ ਲੈਣ ਦੀ ਕੋਸ਼ਿਸ਼ ਨਹੀਂ ਕੀਤੀ ਸੀ। ਭਾਵੇਂ ਕਿੰਨਾ ਵੀ ਮੁਸ਼ਕਲ ਸੀ, ਪਰ ਉਸ ਨੇ ਉਨ੍ਹਾਂ ਨੂੰ ਪਿੱਛੇ ਛੱਡ ਦਿੱਤਾ। (3) ਆਪਣੇ ਪਿਤਾ (ਜਾਂ ਮਾਤਾ) ਦੇ ਮਰਨ ਤੇ ਵੀ ਉਸ ਨੇ ਹਾਰਾਨ ਵਿਚ ਆਉਣ ਤੋਂ ਸੰਕੋਚ ਕੀਤਾ, ਜਿਵੇਂ ਅਬਰਾਹਾਮ ਨੇ ਕੀਤਾ ਸੀ। ਉਹ ਤੁਰੰਤ ਨੌਕਰ ਦੇ ਪਿੱਛੇ ਇਸ ਰੱਬੀ ਮਿਸ਼ਨ ਦੇ ਲਈ ਇੱਕ ਨਵੀਂ ਧਰਤੀ ਤੇ, ਇੱਕ ਪਤੀ ਕੋਲ ਤੁਰ ਪਈ ਜਿਸ ਦੇ ਨਾਲ ਕਦੀ ਵੀ ਉਸ ਦੀ ਮੁਲਾਕਾਤ ਨਹੀਂ ਹੋਈ ਸੀ।

ਜੋ ਰਿਬਕਾਹ ਨੇ ਕੀਤਾ ਸੀ ਉਸ ਨੂੰ ਕਰਨ ਦੇ ਲਈ ਇੱਕ ਵੱਡਾ ਵਿਸ਼ਵਾਸ ਅਤੇ ਹਿੰਮਤ ਦੀ ਲੋੜ ਹੁੰਦੀ ਹੈ। ਉਹ ਸਿਰਫ ਸਭ ਕੁਝ ਛੱਡਣ ਦੇ ਲਈ ਹੀ ਤਿਆਰ ਨਹੀਂ ਸੀ, ਸਗੋਂ ਉਸ ਨੇ ਵਿਦਾਈ ਲੈਣ ਤੋਂ ਪਹਿਲਾਂ ਉੱਥੇ ਇੱਕ ਹਫਤਾ ਰੁੱਕਣ ਵੀ ਦੀ ਦੇਰੀ ਨਾ ਕਰਨ ਦਾ ਫੈਸਲਾ ਲਿਆ।ਯਿਸੂ ਦੇ ਕੁਝ ਪਹਿਲੇ ਚੇਲਿਆਂ ਨੇ ਇਸੇ ਤਰੀਕੇ ਦੇ ਨਾਲ ਯਿਸੂ ਨੂੰ ਪ੍ਰਤਿਉੱਤਰ ਦਿੱਤਾ ਸੀ: ਜਦੋਂ ਉਸ ਨੇ ਉਨ੍ਹਾਂ ਨੂੰ ਚੁਨੌਤੀ ਦਿੱਤੀ, "ਮੇਰੇ ਮਗਰ ਆਓ ਤਾਂ ਮੈਂ ਤੁਹਾਨੂੰ ਮਨੁੱਖਾਂ ਦੇ ਸ਼ਿਕਾਰੀ ਬਣਾਵਾਂਗਾ" ਤਾਂ ਪਤਰਸ, ਅੰਦ੍ਰਿਯਾਸ, ਯਾਕੂਬ, ਅਤੇ ਯੂਹੰਨਾ ਨੇ ਉਸ ਦੀ ਚੁਨੌਤੀ ਨੂੰ ਤੁਰੰਤ ਸਵੀਕਾਰ ਕੀਤਾ (ਮੱਤੀ 4:19)। ਉਨ੍ਹਾਂ ਨੇ ਯਿਸੂ ਦੀ ਬੁਲਾਹਟ ਨੂੰ ਸਵੀਕਾਰ ਕਰਨ ਦੇ ਵਿਚ ਆਪਣੇ ਕੰਮਾਂ ਜਾਂ ਆਪਣੇ ਪਰਿਵਾਰਾਂ ਦਾ ਬਹਾਨਾ ਨਹੀਂ ਬਣਾਇਆ; ਇਸ ਦੇ ਉਲਟ, ਲੇਖਾ ਬਿਆਨ ਕਰਦਾ ਹੈ ਕਿ ਉਨ੍ਹਾਂ ਨੇ ਉਸ ਦੇ ਪਿੱਛੇ ਚੱਲਣ ਦੇ ਲਈ "ਝੱਟ" ਆਪਣੀਆਂ ਬੇੜੀਆਂ ਅਤੇ ਜਾਲਾਂ ਨੂੰ ਛੱਡ ਦਿੱਤਾ (ਮੱਤੀ 4:20)।

ਤਰਸੁਸ ਦੇ ਸੌਲੁਸ ਨੇ ਵੀ ਇਸੇ ਤਰ੍ਹਾਂ ਦੇ ਫੈਸਲੇ ਦਾ ਸਾਹਮਣਾ ਕੀਤਾ ਜਦੋਂ ਦੰਮਿਸਕ ਦੇ ਰਾਹ ਤੇ ਉਸ ਦੀ ਮੁਲਾਕਾਤ ਯਿਸੂ ਦੇ ਨਾਲ ਹੋਈ ਸੀ। ਪ੍ਰਭੂ ਨੇ ਉਸ ਨੂੰ ਯਹੂਦੀਆਂ ਅਤੇ ਗ਼ੈਰ ਯਹੂਦੀਆਂ ਦੇ ਵਿਚਕਾਰ ਸੇਵਕ ਅਤੇ ਆਪਣਾ ਗਵਾਹ ਹੋਣ ਦੇ ਲਈ ਬੁਲਾਇਆ (ਰਸੂਲਾਂ ਦੇ ਕਰਤੱਬ 26:15-18)। ਬਾਅਦ ਵਿਚ ਉਸ ਨੇ ਜ਼ੋਰ ਦਿੱਤਾ ਕਿ ਉਸ ਨੇ ਸਵਰਗੀ ਬੁਲਾਹਟ ਤੋਂ ਸੰਕੋਚ ਨਹੀਂ ਕੀਤਾ ਪਰ "ਤਦੋਂ ਹੀ" ਉਸ ਦਾ ਪ੍ਰਤਿਉੱਤਰ ਦਿੱਤਾ (ਗਲਾਤੀਆਂ 1:16, 17)। ਹਰ ਯੁੱਗ ਦੇ ਲੋਕ ਜਦੋਂ ਉਹ ਪਰਮੇਸ਼ੁਰ ਦੀ ਮਹਾਨ ਬੁਲਾਹਟ ਨੂੰ ਸੁਣਦੇ ਹਨ ਕਿ ਮੇਰੇ ਦੇ ਕੋਲ ਆਓ ਉਸੇ ਪ੍ਰਕਾਰ ਦੀ ਚੁਨੌਤੀ ਦਾ ਸਾਹਮਣਾ ਕਰਦੇ ਹਨ (ਮੱਤੀ 11:28-30; ਪਰਕਾਸ਼ 22:17)। ਪੌਲੁਸ ਨੇ ਕਿਹਾ, "ਵੇਖੋ, ਹੁਣ ਹੀ ਮਨ ਭਾਉਂਦਾ ਸਮਾ ਹੈ" ਅਤੇ "ਵੇਖੋ, ਹੁਣ ਹੀ ਮੁਕਤੀ ਦਾ ਦਿਨ ਹੈ" (2 ਕੁਰਿੰਥੀਆਂ 6:2)। ਇੰਜੀਲ ਦੇ ਬਿਰਤਾਂਤ ਦੀ ਬੁਲਾਹਟ ਵਿਚ ਦੇਰੀ ਕਰਨੀ ਹਮੇਸ਼ਾ ਖਤਰਨਾਕ ਹੁੰਦੀ ਹੈ ਕਿਉਂਕਿ ਹੋ ਸਕਦਾ ਹੈ ਕਿ ਫਿਰ ਕਦੀ ਵੀ ਮਨ ਭਾਉਂਦਾ ਸਮਾਂ ਨਾ ਆਵੇ (ਰਸੂਲਾਂ ਦੇ ਕਰਤੱਬ 24:24-27)।

ਰਿਬਕਾਹ ਦੁਆਰਾ ਰੱਬੀ ਬੁਲਾਹਟ ਦੇ ਪ੍ਰਤਿਉੱਤਰ ਵਿਚ ਵਿਸ਼ਵਾਸ ਦਾ ਕਦਮ ਉਠਾਉਣ ਦੇ

ਲਈ ਸਾਰੀ ਮਾਨਵਤਾ ਸਦਾ ਉਸ ਦੀ ਧੰਨਵਾਦੀ ਰਹੇਗੀ। ਇਸ ਤਰ੍ਹਾਂ ਕਰਨ ਦੇ ਦੁਆਰਾ, ਉਹ ਇੱਕ ਨਵੀਂ ਸਾਰਾਹ ਬਣ ਗਈ; ਅਤੇ ਉਸ ਦਾ ਹੋਣ ਵਾਲਾ ਪਤੀ, ਇਸਹਾਕ, ਇੱਕ ਨਵਾਂ ਅਬਰਾਹਾਮ ਬਣ ਗਿਆ। ਇਸ ਦੇ ਨਾਲ ਨਾਲ ਉਹ ਇਸਰਾਏਲ ਕੌਮ ਦੇ ਪੁਰਖੇ ਬਣ ਗਏ, ਜਿਨ੍ਹਾਂ ਦੇ ਦੁਆਰਾ ਯਿਸੂ ਇਸ ਸੰਸਾਰ ਦੇ ਵਿਚ ਪੈਦਾ ਹੋਇਆ ਜੋ ਹਰ ਕਿਸੇ ਦਾ ਮੁਕਤੀਦਾਤਾ ਹੈ ਜੋ ਕੋਈ ਵੀ ਇੰਜੀਲ ਦੇ ਬਿਰਤਾਂਤ ਦੀ ਬੁਲਾਹਟ ਤੇ ਵਿਸ਼ਵਾਸ ਕਰਦਾ ਅਤੇ ਆਗਿਆਕਾਰੀ ਦੇ ਨਾਲ ਉਸ ਦਾ ਪ੍ਰਤਿਉੱਤਰ ਦਿੰਦਾ ਹੈ। ਬੇਸ਼ੱਕ, ਇਹ ਘਟਨਾਵਾਂ, ਪਰਮੇਸ਼ੁਰ ਦੇ ਦੁਆਰਾ ਅਬਰਾਹਾਮ ਦੇ ਨਾਲ ਕੀਤੇ ਗਏ ਅੰਤਿਮ ਵਾਇਦੇ ਦੇ ਅਨੁਸਾਰ "ਜਾਂ ਸਮਾ ਪੂਰਾ ਹੋਇਆ" ਤਾਂ ਪਰਗਟ ਹੋਈਆਂ (ਗਲਾਤੀਆਂ 3:8, 9, 26-29; 4:3-5)।

---

## ਟਿੱਪਣੀਆਂ

[1]ਉਹੀ ਇਬਰਾਨੀ ਸ਼ਬਦ ਜਿਸ ਦਾ ਅਨੁਵਾਦ "ਨੌਕਰ" (עֶבֶד, *ਏਬੇਡ*) ਕੀਤਾ ਗਿਆ ਹੈ ਉਸ ਦਾ ਅਰਥ "ਗ਼ੁਲਾਮ" ਵੀ ਹੁੰਦਾ ਹੈ; ਪਰ, ਇਹ ਜ਼ਰੂਰੀ ਨਹੀਂ ਹੈ ਕਿ ਇਹ ਆਪਣੇ ਨਕਾਰਾਤਮਕ ਅਰਥ ਰੱਖੇ। ਪੁਰਾਤਨ ਘਰਾਂ ਵਿਚ ਗ਼ੁਲਾਮ ਲੋਕ ਅਕਸਰ ਘਰ ਦੇ ਪਿਆਰੇ ਅਤੇ ਵਿਸ਼ਵਾਸਯੋਗ ਮੈਂਬਰ ਹੁੰਦੇ ਸਨ। [2]ਜੌਨ ਈ. ਹਾਟਲੇ, "יָרֵךְ," *ਥਿਓਲੋਜੀਕਲ ਵਰਡਬੁਕ ਆਫ਼ ਦ ਓਲਡ ਟੈਸਟਾਮੈਂਟ*, ਵਿਚ, ਸੋਧ, ਲੇਅਡ ਹੈਰਿਸ, ਗਲੈਸਨ ਐੱਲ. ਆਰਚਰ, ਜੂਨੀਅਰ, ਅਤੇ ਬਰੂਸ ਕੇ. ਵਾਲਟਕੇ (ਸ਼ਿਕਾਗੋ: ਮੂਡੀ ਪ੍ਰੈਸ, 1980) (ਇਸ ਤੋਂ ਬਾਅਦ *TWOT*ਦੇ ਰੂਪ ਵਿਚ ਉਲੇਖ ਕੀਤਾ ਗਿਆ), 1:408. [3]ਵਾਕ "ਆਪਣੀ ਜਨਮ ਭੂਮੀ" 11:28 ਦੇ ਵਿਚ ਅਬਰਾਹਾਮ ਦੇ ਭਰਾ ਹਾਰਾਨ ਬਾਰੇ ਦਿਖਾਈਦਿੰਦਾ ਹੈ, ਜਿਸ ਦੀ ਮੌਤ "ਕਸਦੀਆਂ ਦੇ ਊਰ" ਵਿਚ ਹੋਈ ਸੀ। [4]ਇਬਰਾਨੀ ਲਿਖਤ ਵਿਚ ਸ਼ਾਬਦਿਕ ਤੌਰ ਤੇ "ਅਰਾਮ ਨਹਰਿਮ" (ਨਾਹੋਰ) (NIV; NRSV; NJPSV) ਜਾਂ "ਦੋ ਨਦੀਆਂ ਦਾ ਅਰਾਮ" ਜਾਂ ਉੱਤਰ-ਪੱਛਮ ਵਿਚ ਇਹ ਖੇਤਰ ਸ਼ਾਇਦ ਫਰਾਤ ਨਦੀ ਤੋਂ ਹਾਬੋਰ ਨਦੀ ਤੱਕ ਫੈਲਿਆ ਹੋਇਆ ਹੈ, ਜਿਸ ਵਚ ਬਾਲੀ ਨਦੀ ਘਾਟੀ ਵੀ ਸ਼ਾਮਲ ਹੈ। [5]ਕੇ. ਏ. ਕਿਚਨ,*ਏਂਨਸ਼ਿਅੰਟ ਓਰੀਏਂਟ ਐਂਡ ਓਲਡ ਟੈਸਟਾਮੈਂਟ* (ਸ਼ਿਕਾਗੋ: ਇੰਟਰਵਰਸਿਟੀ ਪ੍ਰੈਸ, 1966), 79-80. [6]ਜੁਰਿਸ ਜ਼ਾਰਿਨਸ, "ਕੈਮਲ," *ਦੀ ਐਂਕਰ ਬਾਈਬਲ ਡਿਕਸ਼ਨਰੀ*, ਸੰਪਾ. ਡੇਵਿਡ ਨੋਇਲ ਫਰੀਡਮੈਨ (ਨਿਊ ਯਾਰਕ: ਡਬਲਡੇ, 1992), 1:825-26. [7]ਬਾਅਦ ਵਿਚ, ਯਾਕੂਬ ਨੇ ਇੱਕ ਖੂਹ ਤੇ ਰਾਖੇਲ ਨਾਲ ਮੁਲਾਕਾਤ ਕੀਤੀ (29:1-12), ਅਤੇ ਮੂਸਾ ਇੱਕ ਖੂਹ ਤੇ ਸਿੱਪੋਰਾ ਨੂੰ ਮਿਲਿਆ (ਕੂਚ 2:15-21)। [8]ਕੰਮ ਕਰਨ ਤੋਂ ਪਹਿਲਾਂ ਗਿਦਾਊਨ (ਨਿਆਈਆਂ 6:36-40) ਅਤੇ ਯੋਨਾਥਾਨ (1 ਸਮੂਏਲ 14:8-10) ਦੋਵਾਂ ਨੇ ਪਰਮੇਸ਼ੁਰ ਦੇ ਸਾਹਮਣੇ ਨਿਸ਼ਾਨ ਵਿਖਾਉਣ ਦੇ ਲਈ ਇੱਕੋ ਜਿਹੀਆਂ ਬੇਨਤੀਆਂ ਕੀਤੀਆਂ ਸਨ। [9]ਈ. ਜੈਨੀ, "אָדוֹן" *ਥਿਓਲੋਜੀਕਲ ਲੈਕਸੀਕਨ ਆਫ਼ ਦ ਓਲਡ ਟੈਸਟਾਮੈਂਟ*, ਅਨੁਵਾਦ ਮਾਰਕ ਈ. ਬੀਡਲ, ਸੰਪਾਦਨ ਅਰਨੈਸਟਜੈਨੀ ਅਤੇ ਕਲਾਊਸ ਵੈਸਟਰਮੈਨ (ਪੀਬੌਡੀ, ਮਾਸਚਿਊਸੇਟਸ: ਹੈਂਡਰਿਕਸਨ ਪਬਲਿਸ਼ਰਜ਼, 1997), 1:26. [10]"ਸਵਾਮੀ" (ਪ੍ਰਭੂ) ਦੇ ਲਈ ਵਰਤੇ ਗਏ ਯੂਨਾਨੀ ਸ਼ਬਦ ਦੇ ਸਮਾਨ ਉਪਯੋਗ ਦੇ ਲਈ, ਯੂਹੰਨਾ 4:11 ਵੇਖੋ, ਜਿਥੇ ਸਾਮਰੀ ਇਸਤਰੀ ਨੇ ਯਿਸੂ ਨੂੰ "ਮਹਾਰਾਜ" (κύριε, *ਕੂਰੀ*) ਕਹਿ ਕੇ ਪੁਕਾਰਿਆ ਸੀ। ਪਰ, ਉਸ ਨੇ ਅਜਿਹਾ ਇਹ ਸਮਝਣ ਤੋਂ ਬਾਅਦ ਹੀ ਕੀਤਾ ਸੀ ਕਿ ਉਹ ਇੱਕ ਠੇਠ ਯਹੂਦੀ ਨਹੀਂ ਸੀ।

[11]ਲਾਬਾਨ ਇੱਕ ਬਹੁਦੇਵ ਪੁਜਾਰੀ ਸੀ ਜਿਸ ਦੇ ਕੋਲ ਆਪਣੇ "ਘਰੇਲੂ ਬੁੱਤ" ਸਨ (31:19, 30)। ਹੋ ਸਕਦਾ ਹੈ ਕਿ ਉਹ ਪ੍ਰਭੂ ਦੀ ਬੰਦਗੀ ਵੀ ਕਰਦਾ ਹੋਵੇ, ਪਰ ਇਹ ਵਿਵਾਦਪੂਰਣ ਹੈ (ਵੇਖੋ 24:50, 51; 31:24, 49, 53)। [12]ਕਿਉਂਕਿ 24:61 ਵਿਚ ਇਸਤਰੀ ਮੁਲਾਜ਼ਿਮਾਂ ਦਾ ਉਲੇਖ ਹੈ ਜੋ ਕਨਾਨ ਦੀ ਯਾਤਰਾ ਵਿਚ ਉਸ ਦੇ ਨਾਲ ਸਨ, ਇਸ ਲਈ ਹੋ ਸਕਦਾ ਹੈ ਕਿ ਲਾਬਾਨ ਦੇ ਕੋਲ ਪੁਰਸ਼ ਮੁਲਾਜ਼ਿਮ ਵੀ ਸਨ। [13]ਅਬਰਾਹਾਮ ਨੇ ਕਦੋਂ ਕਟੂਰਾਹ ਦੇ ਨਾਲ ਵਿਆਹ ਕੀਤਾ ਅਤੇ ਕਦੋਂ ਉਨ੍ਹਾਂ ਦੇ ਬੱਚਿਆਂ ਦੇ ਜਨਮ ਹੋਏ ਸਨ, ਇਹ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਇਹ ਤੋਹਫ਼ੇ ਉਸ ਸਮੇਂ ਨਹੀਂ ਦਿੱਤੇ ਗਏ ਸਨ ਜਦੋਂ ਨੌਕਰ ਰਿਬਕਾਹ ਦੇ ਪਰਿਵਾਰ ਦੇ ਨਾਲ ਗੱਲਬਾਤ ਕਰ ਰਿਹਾ ਸੀ। [14]ਕੇਨੇਥ ਏ. ਮੈਥਿਊਜ਼, *ਜੇਨੇਸਿਸ 11:27–50:26*, ਦ ਨਿਊ ਅਮੇਰੀਕਨ ਕਮੈਂਟਰੀ, ਜਿਲਦ 1 (ਨੈਸ਼ਵਿਲ: ਬਰੋਡਮੈਨ ਐਂਡ ਹੋਲਮੈਨ ਪਬਲਿਸ਼ਰਜ਼, 2005), 341. [15]ਵਾਲਟਰ ਸੀ. ਕੈਸਰ, "מֹהַר," *TWOT* ਵਿਚ, 1:492. ਇਹ ਸ਼ਬਦ ਪੁਰਾਣੇ ਨੇਮ ਵਿਚ ਤਿੰਨਾਂ ਸਥਾਨਾਂ ਵਿਚ ਵਰਤਿਆ ਗਿਆ ਹੈ (34:12; ਕੂਚ 22:16; 1 ਸਮੂਏਲ 18:25), ਅਤੇ ESV ਲਗਾਤਾਰ

ਇਸ ਨੂੰ “ਲਾੜੀ ਦੀ ਕੀਮਤ” ਵਜੋਂ ਅਨੁਵਾਦ ਕਰਦੀ ਹੈ। [16]ਮੂਸਾ ਦੀ ਸ਼ਰਾ ਦੇ ਅਨੁਸਾਰ, ਜਿੱਥੇ ਕੁਆਰੀ ਨੂੰ ਭ੍ਰਿਸ਼ਟ ਕੀਤਾ ਜਾਂਦਾ ਸੀ, ਉੱਥੇ ਲਾੜੀ ਦੀ ਕੀਮਤ ਚਾਂਦੀ ਦੇ ਪੰਜਾਹ ਸਿੱਕੇ ਨਿਰਧਾਰਤ ਕੀਤੀ ਗਈ ਸੀ (ਬਿਵਸਥਾ ਸਾਰ 22:29)। [17]ਗੋਰਡਨ ਜੇ. ਵੇਨਹੇਮ, *ਜੇਨੇਸਿਸ 16-50*, ਵਰਡ ਬਿਬਲੀਕਲ ਕਮੈਂਟਰੀ, ਜਿਲਦ 2 (ਡੱਲਾਸ: ਵਰਡ ਬੁਕਸ, 1994), 150. [18]ਜੌਨ ਈ. ਹਾਟਲੇ, *ਜੇਨੇਸਿਸ,* ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ (ਪੀਬੌਡੀ, ਮਾਸਚਿਊਸੇਟਸ: ਹੈਂਡਰਿਕਸਨ ਪਬਲਿਸ਼ਰਜ਼, 2000), 227. [19]ਕੈਸਰ, “יָנַק,” *TWOT* ਵਿਚ, 1:383-84. ਇਹ ਕਿਰਿਆ יָנַק (*ਯਾਨਕ*), ਕਿੰਦ੍ਰਤ ਰੂਪ מֵינֶקֶת (*ਮੈਂਨੇਕੈਥ*) ਦੁੱਧ ਚੁੰਘਾਉਣ ਵਾਲੀ ਦਾਈ ਮਾਂ ਨੂੰ ਸੂਚਿਤ ਕਰਦਾ ਹੈ (24:59; ਕੂਚ 2:7)। [20]ਇਹ “ਗੋੱਲੀਆਂ” (ਗ਼ੁਲਾਮ-ਲੜਕੀਆਂ) ਰਿਬਕਾਹ ਦੀ ਸਮਾਜਿਕ ਸਥਿਤੀ ਦਾ ਪ੍ਰਤੀਕ ਸਨ। ਇਸੇ ਤਰ੍ਹਾਂ, ਯਾਕੂਬ ਨਾਲ ਵਿਆਹ ਕਰਨ ਤੋਂ ਬਾਅਦ ਰਾਖੇਲ ਅਤੇ ਲੇਆਹ ਨੇ ਆਪਣੀਆਂ ਗੋੱਲੀਆਂ ਨੂੰ ਪ੍ਰਾਪਤ ਕੀਤਾ (29:24, 29)।

[21]*ਜੇਨੇਸਿਸ ਰੱਬਾਹ* 60:14. [22]ਸਾਰਾਹ ਉਸ ਸਮੇਂ ਨੱਬੇ ਸਾਲਾਂ ਦੀ ਸੀ ਜਦੋਂ ਉਸ ਨੇ ਇਸਹਾਕ ਨੂੰ ਜਨਮ ਦਿੱਤਾ (17:17) ਅਤੇ ਆਪਣੀ ਮੌਤ ਦੇ ਸਮੇਂ ਉਹ 127 ਸਾਲਾਂ ਦੀ ਸੀ (23:1), ਜਿਸ ਦਾ ਅਰਥ ਹੈ ਕਿ ਆਪਣੀ ਮਾਂ ਦੀ ਮੌਤ ਦੇ ਸਮੇਂ ਇਸਹਾਕ ਸੈਂਤੀ ਸਾਲਾਂ ਦਾ ਸੀ ਅਤੇ ਜਦੋਂ ਰਿਬਕਾਹ ਦੇ ਨਾਲ ਉਸ ਦਾ ਵਿਆਹ ਹੋਇਆ ਤਾਂ ਉਹ ਚਾਲੀ ਸਾਲਾਂ ਦਾ ਸੀ (25:20)। ਇਸ ਲਈ, ਜਦੋਂ ਇਸਹਾਕ ਆਪਣੀ ਪਤਨੀ ਨੂੰ ਆਪਣੀ ਮਾਂ ਦੇ ਤੰਬੂ ਵਿਚ ਲਿਆਇਆ ਉਸ ਸਮੇਂ ਸਾਰਾਹ ਨੂੰ ਮਰੇ ਹੋਏ ਤਿੰਨ ਸਾਲ ਹੋ ਗਏ ਸਨ। [23]ਯਾਕੂਬ ਅਤੇ ਰਾਖੇਲ ਦੇ ਨੇਮ ਦੇ ਵਿਸ਼ੇ ਵਿਚ ਵਿਸ਼ੇਸ਼ ਇਤਰਾਜ਼ ਸਨ (29:18, 20, 30, 32)। [24]ਵੇਖੋ ਰਸੂਲਾਂ ਦੇ ਕਰਤੱਬ 14:19, 20; 16:25, 26; 27:23, 24, 34-36; 2 ਕੁਰਿੰਥੀਆਂ 1:8-11; 2 ਤਿਮੋਥਿਉਸ 3:10, 11; 4:16-18.